# ਮੈਂ, ਪਗ-ਡੰਡੀ, ਮੰਜ਼ਿਲ ਤੇ ਕਮਰਾ



ਚਰਨ ਸਿੰਘ

# ਮੈਂ, ਪਗ-ਡੰਡੀ
# ਮੰਜ਼ਿਲ ਤੇ ਕਮਰਾ

(ਲੰਬੀ ਕਵਿਤਾ)

ਚਰਨ ਸਿੰਘ

ਪੇਸ਼ਕਸ਼
ਪੰਜਾਬ ਬੁੱਕ ਸੈਂਟਰ

# Maen, Pag–Dandee
# Manzil Tey Kamra

( A Long Poem )

By : CHARAN SINGH
9251 ARVIDA, DR.
RICHMOND B.C. V7A 4K5
CANADA
Phone : 604-448-0331
Email : virdycharan@gmail.com

© Author

Edition : 2014

Price : Rs. 200/-

Title Designed by : Harpreet Singh

**Published by :**
Punjab Book Centre
Sector 22, Chandigarh
Tel. : 0172-2701952, 27855056

---

ਮੈਂ, ਪਗ-ਡੰਡੀ ਮੰਜ਼ਿਲ ਤੇ ਕਮਰਾ (ਲੰਬੀ ਕਵਿਤਾ), ਸ਼ਾਇਰ : ਚਰਨ ਸਿੰਘ
ਪ੍ਰਕਾਸ਼ਕ : ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ
ਛਾਪਕ : ਸਿਧਾਰਥ ਮੀਡੀਆ ਪਰਿੰਟਰਜ਼, ਚੰਡੀਗੜ੍ਹ

## ਸਵਰਗਵਾਸੀ ਸ਼ਾਇਰ
## ਸੋਹਨ ਸਿੰਘ ਮੀਸ਼ਾ ਜੀ ਨੂੰ ਸਮਰਪਿਤ

<u>ਇਸੇ ਕਲਮ ਤੋਂ</u>

* ਤੀਸਰੀ ਅੱਖ (ਕਾਵਿ ਸੰਗ੍ਰਹਿ) 1982
* ਮਿੱਟੀ 'ਚ ਉੱਕਰੇ ਅੱਖਰ (ਕਾਵਿ ਸੰਗ੍ਰਹਿ) 1984
* ਸ਼ੂਨਯ-ਬੋਧ (ਕਾਵਿ ਸੰਗ੍ਰਹਿ) 1987
* ਆਪੇ ਬੋਲ ਸੋ੍ਤ (ਲੰਬੀ ਕਵਿਤਾ) 1998
* ਗਗਨ ਮੈਂ ਥਾਲੁ (ਕਾਵਿ ਸੰਗ੍ਰਹਿ) 2008
* ਸ਼ੀਸ਼ੇ ਵਿਚਲਾ ਸੂਰਜ (ਕਾਵਿ ਸੰਗ੍ਰਹਿ) 2008
* ਰੁੱਖ ਤੇ ਜੰਗਲ (ਕਾਵਿ ਸੰਗ੍ਰਹਿ) 2008
* ਮੁੜਕੋ ਮੁੜਕੀ ਪੌਣ (ਕਾਵਿ ਸੰਗ੍ਰਹਿ) 2009
* ਵਿਪਰੀਤ (ਕਾਵਿ ਸੰਗ੍ਰਹਿ) 2009
* ਬਿੰਦੂ ਤੇ ਦਾਇਰੇ (ਕਾਵਿ ਸੰਗ੍ਰਹਿ) 2009
* ਅੰਤਰੀਵ (ਕਾਵਿ ਸੰਗ੍ਰਹਿ) 2010
* ਸੂਰਜ ਤੇ ਕਿਰਨਾਂ (ਕਾਵਿ ਸੰਗ੍ਰਹਿ) 2010
* ਤੁਪਕਾ ਤੁਪਕਾ ਸੂਰਜ (ਕਾਵਿ ਸੰਗ੍ਰਹਿ) 2010
* ਆਧੁਨਿਕ ਵਿਸ਼ਵ (ਲੰਬੀ ਕਵਿਤਾ) 2011
* ਪ੍ਰਕਰਮਾ (ਕਾਵਿ ਸੰਗ੍ਰਹਿ) 2011
* ਦੀਵੇ ਜਗਦੇ ਨੈਣ (ਅਗਜ਼ਲ ਸੰਗ੍ਰਹਿ) 2011
* ਰਿਸ਼ਮਾਂ (ਕਾਵਿ ਸੰਗ੍ਰਹਿ) 2012
* ਦਰਪਣ (ਕਾਵਿ ਸੰਗ੍ਰਹਿ) 2012
* ਅਨੁਭਵ (ਕਾਵਿ ਸੰਗ੍ਰਹਿ) 2012
* ਪ੍ਰਛਾਵੇਂ (ਕਾਵਿ ਸੰਗ੍ਰਹਿ) 2012
* ਤ੍ਰੈਕਾਲ (ਕਾਵਿ ਸੰਗ੍ਰਹਿ) 2012
* ਆਗਮਨ (ਕਾਵਿ ਸੰਗ੍ਰਹਿ) 2012
* ਪ੍ਰਵਾਜ਼ (ਕਾਵਿ ਸੰਗ੍ਰਹਿ) 2012
* ਤ੍ਰਿਵੇਣੀ (ਕਾਵਿ ਸੰਗ੍ਰਹਿ) 2012
* ਕੋਰਾ ਕਾਗ਼ਜ਼ (ਕਾਵਿ ਸੰਗ੍ਰਹਿ) 2012
* ਸ਼ਬਦਾਂ ਦਾ ਸਫ਼ਰ (ਕਾਵਿ ਸੰਗ੍ਰਹਿ) 2012
* ਬੁੱਕਲ (ਕਾਵਿ ਸੰਗ੍ਰਹਿ) 2012
* ਸ਼ੀਸ਼ੇ ਦਾ ਸ਼ਹਿਰ (ਕਾਵਿ ਸੰਗ੍ਰਹਿ) 2012
* ਸੁਰੱਖਸ਼ਾ (ਛੋਟੀਆਂ ਲੰਬੀਆਂ ਕਵਿਤਾਵਾਂ)2013
* ਹਸਤਨਾਪੁਰ (ਛੋਟੀਆਂ ਲੰਬੀਆਂ ਕਵਿਤਾਵਾਂ) 2013
* ਸਮਾਧੀ (ਕਾਵਿ ਸੰਗ੍ਰਹਿ) 2013
* ਅੰਕੁਰ (ਲਘੂ ਕਵਿਤਾਵਾਂ) 2013
* ਪੱਥਰ ਦਾ ਸਫ਼ਰ (ਕਾਵਿ ਸੰਗ੍ਰਹਿ) 2013
* ਮੁਕਤੀ (ਲੰਬੀ ਕਵਿਤਾ) 2014
* ਹੋਂਦ ਦੀ ਤਲਾਸ਼ (ਲੰਬੀ ਕਵਿਤਾ) 2014
* ਮੈਂ, ਪਗ-ਡੰਡੀ ਮੰਜ਼ਿਲ ਤੇ ਕਮਰਾ (ਲੰਬੀ ਕਵਿਤਾ) 2014

# ਚਰਨ ਸਿੰਘ ਦਾ ਜੀਵਨ—ਬਿਓਰਾ

ਜਨਮ : ਪਿੰਡ ਬੇਗੋਵਾਲ, ਨਵੰਬਰ 1/1947
ਪਿਤਾ ਦਾ ਨਾਮ : ਸ੍ਰੀ ਲਾਲ ਸਿੰਘ
ਮਾਤਾ ਦਾ ਨਾਮ : ਸ੍ਰੀਮਤੀ ਸੰਤ ਕੌਰ
ਪਤਨੀ : ਪ੍ਰਕਾਸ਼ ਕੌਰ
ਮੁੱਢਲੀ ਵਿੱਦਿਆ : ਸਿਆਲਕੋਟ ਖਾਲਸਾ ਹਾਈ ਸਕੂਲ ਜਲੰਧਰ
ਉੱਚ ਵਿੱਦਿਆ : ਲਾਇਲਪੁਰ ਖਾਲਸਾ ਕਾਲਜ ਜਲੰਧਰ
ਐਮ.ਏ. ਪੰਜਾਬੀ
ਚਰਨ ਸਿੰਘ 1980 ਤੋਂ ਕੈਨੇਡਾ ਰਹਿ ਰਿਹਾ ਹੈ

## ਛਪਾਈ ਅਧੀਨ ਪੁਸਤਕਾਂ

(1) ਹੰਝੂਆਂ ਦੇ ਦਰਿਆ (ਪ੍ਰਗੀਤਕ ਕਵਿਤਾਵਾਂ)
(2) ਕੁਕਨੂਸ (ਕਾਵਿ ਸੰਗ੍ਰਹਿ)
(3) ਮੌਲੀ ਧਰਤੀ (ਟੱਪੇ)
(4) ਖ਼ਾਲੀ ਘਰ (ਛੋਟੀਆਂ ਲੰਬੀਆਂ ਕਵਿਤਾਵਾਂ)
(5) ਪ੍ਰਦਰਸ਼ਨੀ (ਕਾਵਿ ਸੰਗ੍ਰਹਿ)
(6) ਕ੍ਰਾਂਤੀ (ਛੋਟੀਆਂ ਲੰਬੀਆਂ ਕਵਿਤਾਵਾਂ)
(7) ਜਗਿਆਸਾ (ਛੋਟੀਆਂ ਲੰਬੀਆਂ ਕਵਿਤਾਵਾਂ)
(8) ਪ੍ਰਦੂਸ਼ਣ (ਛੋਟੀਆਂ ਲੰਬੀਆਂ ਕਵਿਤਾਵਾਂ)
(9) ਬਸਤੀ ਤੇ ਸ਼ਹਿਰ (ਛੋਟੀਆਂ ਲੰਬੀਆਂ ਕਵਿਤਾਵਾਂ)
(10) ਅਰਥ (ਛੋਟੀਆਂ ਲੰਬੀਆਂ ਕਵਿਤਾਵਾਂ)
(11) ਨੀਲਾ ਅਸਮਾਨ
(12) ਸਾਏ ਦਾ ਸਫ਼ਰ (ਕਾਵਿ ਸੰਗ੍ਰਹਿ)
(13) ਮਹਿਮਾਂ (ਕਾਵਿ ਸੰਗ੍ਰਹਿ)
(14) ਚੁੱਪ ਦੀ ਆਵਾਜ਼ (ਕਾਵਿ ਸੰਗ੍ਰਹਿ)
(15) ਕਿਵ ਸੱਚਿਆਰਾ ਹੋਈਐ (ਕਾਵਿ–ਨਾਟਕ)

# ਅਵਾਰਡਜ਼

(1) AWARD OF DISTINCTION
FROM : INDO - CANADIAN TIMES 1984

(2) ਸ਼ਾਨੇ ਪੰਜਾਬ DISTINCTION AWARD
FROM : INDO - CANADIAN TIMES 1986

(3) PROF MOHAN SINGH MEMORIAL
FOUNDATION, CANADA.

(4) AWARD OF DISTINCTION
FROM : RADIO RIMJIM CANADA 1993

(5) N R I SABHA JALANDHAR CITY
AWARD OF DISTINCTION 2003

(6) AWARD FOR THE CONRIBUTION TO
PUNJABI LITERATURE 2007

(7) ਸ਼ੁਨਯ-ਬੋਧ ਕਾਵਿ ਸੰਗ੍ਰਹਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ
FOR MA PUNJABI AS A TEXT BOOK

(8) ਕੈਨੇਡੀਅਨ ਕਵੀ ਸੁਰਿੰਦਰ ਧੰਜਲ ਨੇ ਪੰਜ ਪਰਵਾਸੀ
ਸਾਹਿਤਕਾਰਾਂ ਤੇ Ph.D. ਕੀਤੀ, ਚਰਨ ਸਿੰਘ ਉਨ੍ਹਾਂ ਵਿਚੋਂ ਇਕ ਹੈ

(9) AWARD FOR OUTSTANDING CONTRIBUTION
TO THE PUNJABI POETRY FROM
INTERNATIONAL ASSOCIATION OF PUNJABI
AUTHORS & ARTISTS I.N.C. FOR 2011

(10) AWARD FOR OUTSTANDING CONTRIBUTION
TOWARDS PUNJABI LITERATURE FROM
CANADIAN INTERNATIONAL PUNJABI
SAHIT ACADEMY, CANADA, FOR 2011

# ਤਤਕਰਾ


1. ਮੈਂ, ਪਗ-ਡੰਡੀ ਮੰਜ਼ਿਲ ਤੇ ਕਮਰਾ
2. ਮੈਂ
3. ਪਹਿਲੀ ਨਗਰੀ
4. ਦੂਸਰੀ ਨਗਰੀ
5. ਤੀਜੀ ਨਗਰੀ
6. ਚੌਥੀ ਨਗਰੀ
7. ਪਗ-ਡੰਡੀ
8. ਪਗ-ਡੰਡੀ ਆਪਣੀ ਤਲਾਸ਼ 'ਚ
9. ਮੰਜ਼ਿਲ
10. ਮੰਜ਼ਿਲ ਆਪਣੀ ਤਲਾਸ਼ 'ਚ
11. ਮੈਂ
12. ਤਲਾਸ਼ ਤੋਂ ਬਾਅਦ ਮੇਰੀ ਕਮਰੇ 'ਚ ਵਾਪਸੀ
13. ਪਗ-ਡੰਡੀ
14. ਤਲਾਸ਼ ਤੋਂ ਬਾਅਦ ਪਗ-ਡੰਡੀ ਦੀ ਕਮਰੇ 'ਚ ਵਾਪਸੀ
15. ਮੰਜ਼ਿਲ
16. ਤਲਾਸ਼ ਤੋਂ ਬਾਅਦ ਮੰਜ਼ਿਲ ਦੀ ਕਮਰੇ 'ਚ ਵਾਪਸੀ
17. ਦੁਖਾਂਤ
18. ਜੀਵਨ ਸੱਚ
19. ਕਮਰਾ

# ਮੈਂ, ਪਗ-ਡੰਡੀ ਮੰਜ਼ਿਲ ਤੇ ਕਮਰਾ

ਕਮਰੇ ਦੇ ਵਿਚ
ਮੇਰੇ ਨਾਲ ਰਹਿੰਦੀ ਹੈ
ਇਕ ਪਗ-ਡੰਡੀ
ਇਕ ਮੰਜ਼ਿਲ

ਪਗ-ਡੰਡੀ
ਜਿਸ ਤੇ ਕੋਈ ਤੁਰਿਆ ਨਹੀਂ
ਮੰਜ਼ਿਲ
ਜਿਸ ਤੇ ਕੋਈ ਅੱਪੜਿਆ ਨਹੀਂ
ਮੈਂ
ਜਿਸ 'ਚ ਕੋਈ ਉਤਰਿਆ ਨਹੀਂ

------

# ਮੈਂ

ਮੈਂ
ਆਪਣਾ ਸੱਖਣਾਪਣ
ਭਰਨ ਦੀ ਤਲਾਸ਼ 'ਚ
ਕਮਰਾ ਤਿਆਗ਼ਦਾ ਹਾਂ
ਆਪਣੇ ਆਪ ਨੂੰ
ਦੁਨੀਆਂ 'ਚ ਉਤਾਰਦਾ ਹਾਂ

------

# ਪਹਿਲੀ ਨਗਰੀ

ਇਹ
ਕੱਚੀਆਂ ਕਲੀਆਂ ਦੀ ਨਗਰੀ ਹੈ
ਹਰ ਕਲੀ ਦੇ ਮਸਤਕ 'ਚ
ਉਸਦੇ ਹਾਣ ਦਾ ਫੁੱਲ ਖਿੜਿਆ ਹੈ
ਆਪਣਾ ਸੁਫ਼ਨਾ ਸੱਚ ਕਰਨ ਦਾ
ਹਰ ਕਲੀ ਨੇ ਹਲਫ਼ ਲਿਆ ਹੈ

–0–

ਇਹ ਕਲੀਆਂ
ਅੱਖਾਂ ਮਟਕਾਉਂਦੀਆਂ
ਆਪਣੇ ਰੂਪ ਦਾ ਅਰਘਾ
ਸੁਫ਼ਨ ਫੁੱਲ ਦੀ ਭੇਟ ਚੜ੍ਹਾਉਂਦੀਆਂ
ਇਨ੍ਹਾਂ ਕਲੀਆਂ ਦੀ ਤੋਰ ਤੋਂ
ਸਿੱਖਿਆ ਪੌਣਾਂ ਤੁਰਨਾ
ਬੱਦਲੀਆਂ ਵਰਨਾ ਰੁੱਤਾਂ ਮਟਕਣਾ
ਇਹ ਕਲੀਆਂ ਨੂਰ ਦੀਆਂ ਜੋਤਾਂ
ਸੂਰਜਾਂ ਦੀਆਂ ਕਿਰਨਾਂ
ਰੁੱਖਾਂ ਦੀਆਂ ਪੁੰਗਰਾਂ
ਚੰਨ ਦੀਆਂ ਰਿਸ਼ਮਾਂ

–0–

ਇਨ੍ਹਾਂ ਦੀਆਂ ਮਹਿਕਾਂ

ਮੌਸਮ ਰੁੱਤਾਂ ਬਹਾਰਾਂ ਹੰਢਾਵਣ
ਇਹ ਪੱਥਰਾਂ ਦੇ ਪਿੰਡਿਆਂ 'ਚ
ਗਤੀਆਂ ਬੀਜਦੀਆਂ ਜਾਵਣ
ਇਹ ਕਲੀਆਂ ਸਰਘੀ ਦਾ ਜੋਬਣ
ਚਾਂਦਨੀ ਦੀ ਠੰਡਕ
ਇਹ ਚੰਦਨ ਦੀਆਂ ਲਗਰਾਂ
ਸਮਿਆਂ ਦੀ ਰੰਗ਼ਤ

-0-

ਇਹ
ਅੱਖੀਆਂ ਨਾਲ ਬਾਤਾਂ ਪਾਵਣ
ਫੁੱਲਾਂ ਦੇ ਦਿਲ ਭਰਮਾਵਣ
ਇਹ ਕਲੀਆਂ ਬਲਦੀਆਂ ਲਾਟਾਂ
ਇਹ ਕਲੀਆਂ ਸੁਰਖ਼ ਪ੍ਰਭਾਤਾਂ
ਇਹ ਕਲੀਆਂ
ਜਦ ਬੋਲ ਉਚਾਰਨ
ਅੰਬਰੀਂ ਉੱਡਦੇ ਪੰਛੀ
ਧਰਤ ਉਤਾਰਨ

-0-

ਇਹ ਕਲੀਆਂ ਜੰਗਲੀ ਹਰਿਆਵਲ
ਇਹ ਕਲੀਆਂ ਸਾਗਰ ਦਾ ਰੂਪ
ਇਹ ਕਲੀਆਂ ਤਪਣ ਤੰਦੂਰ
ਸੇਕ ਜਿੰਨ੍ਹਾਂ ਦਾ ਸਹਿਣਾ ਮੁਸ਼ਕਲ
ਲਗ ਜਾਵਣ ਜਿਸ ਪੱਥਰ ਗਲ
ਪੱਥਰ ਪਿਘਲ ਪਾਣੀ ਹੋ ਜਾਏ

-0-

ਰੰਗ ਇਨ੍ਹਾਂ ਦੇ ਗੋਰੇ
ਲੱਕ ਤਿੱਤਲੀਆਂ ਵਰਗੇ ਸੌੜੇ
ਉਭਾਰ ਇਨ੍ਹਾਂ ਦੇ
ਸਰੂ ਟੀਸੀਆਂ
ਤੱਕ ਇਨ੍ਹਾਂ ਨੂੰ
ਬੱਦਲ ਭੁੱਲ ਜਾਂਦੇ ਨੇ ਵਰ੍ਹਨਾ
ਥੰਮਣ ਪੌਣਾਂ ਭੁੱਲਣ ਵਗਣਾ

-0-

ਰੱਬ ਵੀ ਇਨ੍ਹਾਂ ਨੂੰ ਬਣਾ ਕੇ
ਅੰਤਾਂ ਦਾ ਪਛਤਾਇਆ
ਰੱਬ ਦਾ ਦਿਲ ਵੀ
ਇਨ੍ਹਾਂ ਕਲੀਆਂ ਦੀ ਖ਼ੁਸ਼ਬੂ
ਭਰਮਾਇਆ
ਸੁਰਮਾ ਨਾ ਇਨ੍ਹਾਂ ਨੂੰ ਪਾਵੇ
ਇਹ ਸੁਰਮੇ ਨੂੰ ਪਾਵਣ
ਸੁਰਮੇ ਨੂੰ ਮਟਕਣ ਦਾ
ਅੱਖੀਆਂ ਨੂੰ ਕਤਲ ਕਰਨ ਦਾ
ਇਹ ਅੰਦਾਜ਼ ਸਿੱਖਾਵਣ
ਦੰਦਾਸਾ ਇਨ੍ਹਾਂ ਦੇ ਬੁਲ੍ਹੀਂ ਲਗ ਕੇ
ਸੜ ਜਾਂਦਾ ਹੈ
ਗੁਲਾਬੀ ਚਿਹਰਾ
ਅੱਗਣ ਰੂਪ ਹੋ ਮੱਘ ਜਾਂਦਾ ਹੈ

-0-

ਇਨ੍ਹਾਂ ਕਲੀਆਂ ਦੇ ਨੈਣਾਂ ਦੀ ਤਾਂਘ 'ਚ
ਕਈ ਦਰਿਆ ਸੁੱਕੇ ਨੇ
ਸਫ਼ਰ ਇਨ੍ਹਾਂ ਦੇ
ਇਨ੍ਹਾਂ ਤੋਂ ਸ਼ੁਰੂ ਹੋ ਕੇ ਇਨ੍ਹਾਂ ਤੇ ਹੀ ਮੁਕੇ ਨੇ
ਫੂਕਾਂ ਮਾਰ ਬੁਝਾਵਣ ਸੂਰਜ
ਕਰਨ ਹਨ੍ਹੇਰੇ ਧੁੱਪਾਂ
ਪਿਆਰ ਦੇ ਸੁੱਚੇ ਮੋਤੀ ਜਨਮਣ
ਸੱਚ ਇਨ੍ਹਾਂ ਦੀਆਂ ਕੁੱਖਾਂ

-0-

ਇਹ ਕਲੀਆਂ
ਰੌਣਕ ਗੁਲਸ਼ਨ ਦੀ
ਇਹ ਕਲੀਆਂ ਮੌਸਮ ਦੇ ਸਾਹ
ਇਹ ਕਲੀਆਂ ਬਹਿਸ਼ਤੀ ਗਲੀਆਂ
ਤੇ ਰੱਬ ਸੱਚੇ ਦੀ ਦਰਗਾਹ
ਭੋਲੇ ਭਾਲੇ ਨੈਣ ਇਨ੍ਹਾਂ ਦੇ
ਰੁੱਗ ਕਲੇਜੇ ਦਾ ਭਰਦੇ
ਇਨ੍ਹਾਂ ਦੇ ਡੰਗੇ
ਪਾਣੀ ਦਾ ਵੀ ਘੁੱਟ ਨਾ ਮੰਗਦੇ

-0-

ਰੰਗ ਇਨ੍ਹਾਂ ਦਾ ਜਿਸ ਨੂੰ ਚੜ੍ਹ ਜਾਏ
ਛੱਡ ਕੇ ਰੰਗਲੀ ਦੁਨੀਆਂ
ਉਹ ਜੰਗਲੀ ਉਮਰ ਬਿਤਾਏ
ਦਰ ਦਰ ਫਿਰੇ ਖ਼ਾਕ ਛਾਣਦਾ
ਦੀਵਾਨਾ ਕਹਿਲਾਏ

ਬਹਿੰਦੀਆਂ
ਜਿਸ ਵੀ ਰੁੱਖ ਦੀ ਛਾਵੇਂ
ਉਹ ਉਮਰਾਂ ਲਈ ਕੁਰਲਾਵੇ
ਹੱਥੀਂ ਕਾਸਾ ਗਲ ਫ਼ਕੀਰੀ
ਕੱਖ਼ ਗਲੀਆਂ ਦਾ ਹੋ ਜਾਏ

-0-

ਸਿਮਰਨ ਆਪਣਾ ਆਪਾ ਹੀ ਇਹ
ਉੱਚੀਆਂ ਹੋ ਹੋ ਚੱਲਣ
ਪੌਣਾਂ ਤੋਂ ਹਨ੍ਹੇਰੀਆਂ ਬਣ ਬਣ
ਵਿਚ ਰਾਹਾਂ ਦੇ ਵੱਗਣ
ਧਰਤੀ ਤੇ ਨਾ ਪੈਰ ਇਨ੍ਹਾਂ ਦੇ
ਸਿਰ ਅੰਬਰ ਤੋਂ ਉੱਚੇ
ਚਿੱਟੇ ਦੰਦ ਮੋਤੀਆਂ ਵਰਗੇ
ਹਾਸੇ ਸੱਚੇ ਸੁੱਚੇ
ਆਪਣੇ ਸਵੈਮਾਨ ਨਾਲ ਲੱਦੀਆਂ
ਨਜ਼ਰ ਨੀਵੀਂ ਨਾ ਪਾਵਣ
ਅੱਥਰੀ ਜਵਾਨੀ ਦੀ ਮਸਤੀ ਵਿਚ
ਇਹ ਪਰੀਆਂ ਗੋਤੇ ਖਾਵਣ

-0-

ਸ਼ੀਸ਼ੇ ਵਰਗੀਆਂ
ਮਨ ਦੀਆਂ ਸੁੰਦਰ
ਪਿੰਡੇ ਮਸਜਿਦਾਂ ਮੰਦਰ
ਰੱਬ ਸੱਚਾ ਵਸਦਾ ਹੈ
ਇਨ੍ਹਾਂ ਕਲੀਆਂ ਅੰਦਰ

ਇਹ ਕਲੀਆਂ ਗ੍ਰੰਥ ਕਤੇਬਾਂ
ਇਹ ਕਲੀਆਂ ਸੂਰਜੀ ਤੀਰਥ
ਚਾਨਣ ਵਰਗੇ ਜਿਸਮ ਇਨ੍ਹਾਂ ਦੇ
ਸੀਰਤਾਂ ਮਹਿਕਾਂ ਜਿਹੀਆਂ
ਉਡੀਕ ਫੁੱਲਾਂ ਦੀ ਵਿਚ
ਨਜ਼ਰ ਦੀ ਲਾਂਅ ਤੇ
ਇਹ ਕਲੀਆਂ ਸੁਕਣੇ ਪਈਆਂ

-0-

ਪਿਆਰ ਦਾ ਬੁੱਤ ਬਣਾਇਆ ਇਨ੍ਹਾਂ
ਬੁੱਤ ਦੇ ਚਰਨੀਂ ਹੁਸਨ ਦਾ ਦੀਪ
ਜਗਾਇਆ ਇਨ੍ਹਾਂ
ਆਪਣੀ ਮਰਜ਼ੀ ਬੁੱਤ ਦੇ ਅੰਦਰ
ਘੁੱਟ ਘੁੱਟ ਕੇ ਭਰ ਦਿੱਤੀ
ਬੁੱਤ ਨੇ ਆਪਣਾ ਸੀਸ ਤਲੀ ਤੇ
ਕਲੀਆਂ ਲਈ ਟਿਕਾਇਆ
ਆਪਣੇ ਸੰਕਲਪ ਦਾ ਰੂਪ
ਸਿਰਜਕੇ
ਕਲੀਆਂ ਬੁੱਤ ਬਣਾਇਆ
ਨੈਣ ਨਕਸ਼ ਅੰਗ ਤੇ ਜੁੱਸਾ
ਸੁਫ਼ਨੇ ਵਿਚ ਹੈ ਘੜਿਆ
ਆਪਣੀ ਮਰਜ਼ੀ ਦਾ ਬੁੱਤ
ਕਲੀਆਂ
ਮਨ ਮੰਦਰ ਵਿਚ ਧਰਿਆ

-0-

ਸੁਫ਼ਨੇ ਵਿਚ ਬੁੱਤ ਦੇ ਪਿੰਡੇ
ਜਦ ਜਾਨ ਕਲੀਆਂ ਨੇ ਪਾਈ
ਚੰਨਾਂ ਸੂਰਜਾਂ ਤਾਰਿਆਂ ਦੀ ਜੰਞ
ਘਰ ਕਲੀਆਂ ਦੇ ਆਈ
ਆਪਣੇ ਹਾਣੀ ਬੁੱਤਾਂ ਸੰਗ
ਕਲੀਆਂ ਰਾਤ ਬਿਤਾਈ
ਸੱਜਰੀ ਸੁਬ੍ਹਾ
ਕਲੀਆਂ ਦੇ ਪਿੰਡਿਓਂ
ਮਹਿਕ ਬੁੱਤਾਂ ਦੀ ਆਈ
ਆਪਣੀ ਭਰੀ ਭਰੀ ਜਵਾਨੀ
ਬੁੱਤਾਂ ਲੇਖੇ ਲਾਈ

-0-

ਪੌਣਾਂ ਦਾ ਐਸਾ ਬੁਲ੍ਹਾ ਆਇਆ
ਨੀਦੋਂ ਕਲੀਆਂ ਜਾਗੀਆਂ
ਜਾਗੀਆਂ ਕਲੀਆਂ
ਲੱਭਦੀਆਂ ਫਿਰਦੀਆਂ
ਗਲੀਆਂ ਚੋਂ ਹਾਣੀ
ਰੰਗ ਗੁਲਾਬੀ ਅੱਖ ਸਮਤਾਨੀ
ਗਿੱਠ ਗਿੱਠ ਚੜ੍ਹੀ ਜਵਾਨੀ
ਗਲੀਆਂ ਬੇਲਿਆ ਜੂਹਾਂ ਦੇ ਵਿਚ
ਕਲੀਆਂ ਕਰਨ ਪੁਕਾਰਾਂ
ਸੁਫ਼ਨੇ ਵਿਚਲੇ ਬੁੱਤ ਲਈ ਤਰਸਣ
ਜਿਉਂ ਕੂੰਜਾਂ ਦੀਆਂ ਡਾਰਾਂ

ਪੁਕਾਰ ਕਲੀਆਂ ਦੀ ਹਾਣੀ ਹਾਣੀ ਕਰਦੀ
ਜਦ ਅੰਬਰ ਵਿਚ ਗੂੰਜੀ
ਰੁੱਖਾਂ ਛਾਵੇਂ ਬੈਠੇ ਨੇ ਮੈਂ
ਕਲੀਆਂ ਦੀ ਸੂਰਤ ਅੱਖੀਆਂ ਵਿਚੋਂ ਪੂੰਝੀ

-0-

ਇਸ ਨਗਰੀ ਦੀ
ਹਰ ਕਲੀ ਦੇ ਦਿਲ ਵਿਚ ਉਸਦਾ ਹਾਣੀ
ਮੇਰੇ ਲਈ ਕੋਈ ਥਾਂ ਨਹੀਂ ਕਿੱਧਰੇ
ਮੈਂ ਬਦਨਸੀਬ ਪ੍ਰਾਣੀ
ਢੂੰਡ ਥੱਕਾ ਪਰ ਨਾ ਮਿਲਿਆ
ਮੈਨੂੰ ਕੋਈ ਦਿਲ ਖ਼ਾਲੀ
ਜਿਸ ਵਿਚ ਮੈਂ ਆਪਾ ਧਰ ਸਕਦਾ
ਜਿਸਦੇ ਨੈਣਾਂ ਦੀਆਂ ਖੂਹੀਆਂ ਚੋਂ
ਇਕ ਘੁੱਟ ਜਲ ਦਾ ਭਰ ਸਕਦਾ
ਨਾ ਮੇਰੇ ਮੌਸਮ ਨਾ ਰੁੱਤਾਂ
ਨਾ ਮੇਰੀ ਬਹਾਰ ਹਵਾ
ਕਿਤੇ ਵੀ ਕੋਈ ਖ਼ਾਲੀ ਥਾਂ ਨਹੀਂ
ਇਕ ਮੇਰੇ ਦਿਲ ਦੇ ਸਿਵਾ

------

## ਦੂਜੀ ਨਗਰੀ

ਦੂਜੀ ਨਗਰੀ ਦੀਆਂ ਕਲੀਆਂ ਦਾ
ਫੁੱਲਾਂ ਸੰਗ ਵਸੇਰਾ
ਹਰ ਕਲੀ ਦੇ ਦਿਲ ਅੰਦਰ
ਫੁੱਲ ਆਪਣੇ ਦਾ ਡੇਰਾ
ਪਿਆਰ ਦੀ ਪੀਂਘ ਝੂਟਣ
ਇਹ ਕਲੀਆਂ ਮੁਟਿਆਰਾਂ
ਆਪਣੇ ਹਾਣੀ ਫੁੱਲਾਂ ਦੇ ਸੰਗ
ਮਾਨਣ ਇਹ ਬਹਾਰਾਂ

-0-

ਇਕ ਦੂਜੇ ਦੇ ਪਿੰਡੇ ਦਾ
ਪੀ ਪੀ ਤਾਅ ਨਾ ਰੱਜਣ
ਆਪਣੇ ਆਪ ਤੋਂ ਲਾਹ ਕੇ ਰਖੇ
ਇਨ੍ਹਾਂ ਸੰਗ ਤੇ ਕੱਜਣ
ਇਕ ਦੂਜੇ ਦੇ ਪਿਆਰ 'ਚ ਡੁੱਬ ਡੁੱਬ
ਤਰਦੇ ਅੱਗ ਦਾ ਸਾਗਰ
ਕਰ ਲਏ
ਇਨ੍ਹਾਂ ਆਪਣੀ ਦੇਹ ਚੋਂ
ਆਪਣੇ ਰਵੀ ਉਜਾਗਰ
ਭੱਖਦੇ ਭੱਖਦੇ ਅੰਗ ਇਨ੍ਹਾਂ ਦੇ
ਅੱਗ ਸਿਮਦੀ ਵਿਚ ਜਿੰਨ੍ਹਾਂ
ਰੰਗ ਗਏ ਨੇ ਇਕ ਦੂਜੇ ਦੇ
ਸੁਫ਼ਨਿਆਂ ਦੇ ਵਿਚ ਰੰਗਾਂ

-0-

ਦੋ ਜਿਸਮ ਤੇ ਇਕ  ਸਾਹ ਹੈ
ਚੌਂਹ ਪੈਰਾਂ ਦਾ ਇਕੋ ਰਾਹ ਹੈ
ਇਸ਼ਕ ਨੂੰ ਮਿਲਣ ਦਾ
ਹੁਸਨ ਨੂੰ ਚਾਅ ਹੈ
ਰਹਿ ਨਹੀਂ ਸਕਦੇ
ਇਕ ਦੂਜੇ ਤੋਂ ਇਕ ਪਲ ਵੀ ਵੱਖਰੇ
ਮਰ ਜਾਵਣਗੇ ਪਿਆਰ ਦੇ ਪੰਛੀ
ਇਕ ਦੂਜੇ ਤੋਂ ਵਿਛੜੇ

-0-

ਦੁਨੀਆਂ ਤੋਂ ਉਪਰਾਮ ਬੜੇ ਨੇ
ਫੁੱਲਾਂ ਕਲੀਆਂ ਦੇ ਚਿਹਰੇ
ਤਾਰੇ ਗਿਣ ਗਿਣ ਰਾਤਾਂ ਕੱਟਣ
ਉੱਡੀਕਣ ਮਿਲਣ ਸਵੇਰੇ
ਇਕ ਦੂਜੇ ਦੇ ਪਿਆਰ 'ਚ
ਏਨੇ ਹੋਏ ਦੀਵਾਨੇ
ਜਿਉਂ ਸ਼ਮ੍ਹਾਂ ਤੇ ਸੜ ਸੜ ਜਾਂਦੇ
ਇਸ਼ਕੇ ਦੇ ਪ੍ਰਵਾਨੇ

-0-

ਇਕ ਦੂਜੇ ਦੇ ਨਿੱਘ 'ਚ ਡੁੱਬੇ
ਭੁੱਲੇ ਮੌਸਮ ਰੁੱਤਾਂ
ਇਕ ਦੂਜੇ ਲਈ ਰੱਬ ਹੋਏ ਨੇ
ਜੂਨ ਭੁਲਾਈ ਬੁੱਤਾਂ
ਇਕ ਦੂਜੇ ਲਈ ਮਰ ਮਿਟਣ ਲਈ

ਇਨ੍ਹਾਂ ਖਾਂਦੀਆਂ ਕਸਮਾਂ
ਸੁੱਟੀਆਂ ਲਾਹ ਕੇ ਆਪਣੇ ਮਨ ਤੋਂ
ਜੱਗ ਜਹਾਂ ਦੀਆਂ ਸ਼ਰਮਾਂ

-0-

ਆਪਣਾ
ਇਕ ਸੰਸਾਰ ਸਿਰਜਦੇ
ਆਪਣਾ ਰੁੱਖ ਤੇ ਟਹਿਣੀ
ਜਿਸਦੀ ਬੁੱਕਲ ਵਿਚ
ਇਨ੍ਹਾਂ ਨੂੰ ਉਮਰ ਗੁਜ਼ਾਰਨੀ ਪੈਣੀ
ਆਪਣੇ ਬੋਟਾਂ ਦੇ ਚੋਗੇ ਲਈ
ਉੱਡਣਾ ਅੰਬਰੋਂ ਅੰਬਰੀਂ
ਕੱਛਣੀ ਧਰਤੀ ਧਰਤੀ
ਆਪਣੇ ਦਿਸਹੱਦਿਆਂ ਦੀ ਸੀਮਾਂ
ਆਪਣੀ ਵਿੱਤ ਚੋਂ ਮਿੱਥਣੀ
ਇਕ ਦੂਜੇ ਦੇ ਲਹੂ 'ਚ ਉਤਰੇ
ਤੁਰਦੇ ਨਾੜੀ ਨਾੜੀ
ਅੱਖੀਆਂ ਦੇ ਵਿਚ ਅੱਖੀਆਂ ਪਾ ਕੇ
ਬੋਲਣ ਚੁੱਪ ਪਿਆਰੀ

-0-

ਇਕ ਦੂਜੇ ਦੀਆਂ ਪਲਕਾਂ ਉੱਤੇ
ਬਹਿ ਕੇ ਭਰਨ ਉੱਡਾਰੀ
ਇਕ ਦੂਜੇ ਦੀ ਕਰਨ ਇਬਾਦਤ
ਦੁਨੀਆਂ ਭਰਦੀ ਪਾਣੀ

ਪਹਾੜਾਂ ਵਰਗੇ
ਇਨ੍ਹਾਂ ਦੇ ਜਿਗਰੇ
ਦਰਿਆਵਾਂ ਵਰਗੀਆਂ ਤੋਰਾਂ
ਕੂਕਣ ਇਕ ਦੂਜੇ ਦੀ ਬੋਲੀ
ਸਾਉਣ ਮਹੀਨੇ ਜੰਗਲ ਵਿਚ
ਜਿਵੇਂ ਸ਼ੋਰ ਮਚਾਇਆ ਮੋਰਾਂ
ਫੁੱਲ ਹਿਰਨਈ ਚੁੰਗੀਆਂ ਭਰਦੇ
ਕਲੀਆਂ ਹਿਰਨੀ ਤੋਰਾਂ
ਚੁੰਝ ਦੇ ਨਾਲ ਚੁੰਝ ਮਿਲਾ ਕੇ
ਪਾਵਣ ਦਿਲ ਦੀਆਂ ਬਾਤਾਂ
ਜਿਉਂ ਚਕੋਰ ਚੰਦ ਚਾਂਦਨੀ
ਵਿਚ ਗੁਜ਼ਾਰੇ ਰਾਤਾਂ
ਕਲੀਆਂ ਬਾਗ਼ਾਂ ਦੀਆਂ ਕੋਇਲਾਂ ਵਾਂਗੂੰ
ਬ੍ਰਿਹਾ ਬ੍ਰਿਹਾ ਅਲਾਪਣ
ਪ੍ਰੀਤਮ
ਉਨ੍ਹਾਂ ਦੀਆਂ ਰਗਾਂ ਦੇ ਰਾਹੀਂ
ਦਿਲ ਵਿਚ ਉਤਰੇ ਜਾਪਣ

-0-

ਇਕ ਦੂਜੇ ਦੀ ਖ਼ੁਸ਼ਬੂ ਦੇ
ਭਵਰੇ ਵਾਂਗ ਸ਼ੁਦਾਈ
ਇਕ ਦੂਜੇ ਦੇ ਨੈਣੀਂ ਤੱਕ ਤੱਕ
ਦੋਹਾਂ ਉਮਰ ਲੰਘਾਈ

ਇਕ ਦੂਜੇ ਦੀ ਧੜਕਣ ਸੁਣਦੇ
ਭੁੱਲ ਜਾਂਦੇ ਲੋਕਾਈ
ਬਾਹਾਂ ਦੇ ਵਿਚ ਬਾਹਾਂ ਪਾ ਕੇ
ਜਦ ਚਮਨ ਵਿਚ ਆਵਣ
ਰੁੱਤਾਂ ਦੇ ਸੀਨੇ ਵਿਚ
ਅੱਗ ਮੌਸਮ ਦੀ ਲਾਵਣ
ਹੱਸਦੇ ਨੇ ਤੇ ਫੁੱਲ ਖਿੱੜਦੇ ਨੇ
ਬੋਲਣ ਸੁਰ ਹੋ ਜਾਵੰਣ
ਅੱਖਾਂ ਝਪਕਣ ਰਾਤਾਂ ਹੋਵਣ
ਖੋਲ੍ਹਣ ਦਿਨ ਚੜ੍ਹ ਜਾਵਣ

-0-

ਇਕ ਦੂਜੇ ਦੇ ਰੰਗ 'ਚ ਰੰਗੇ
ਪ੍ਰੀਤਾਂ ਦੇ ਵਣਜਾਰੇ
ਸੁੱਚੀਆਂ ਸੱਧਰਾਂ ਸੁੱਚੇ ਸੁਫ਼ਨੇ
ਦਿਲ ਵਿਚ ਚਾਅ ਕੁਆਰੇ
ਕਲੀਆਂ ਨੇ ਹਾਣੀ ਲੱਭੇ
ਹਾਣੀਆਂ ਲੱਭੀਆਂ ਕਲੀਆਂ
ਸੱਚ ਸੁੰਦਰਤਾ ਦੀਆਂ ਸੂਰਤਾਂ
ਨੂਰੀ ਜੋਤਾਂ ਬਲੀਆਂ
ਚੁੱਪ ਉਨ੍ਹਾਂ ਦੀ ਭਾਸ਼ਾ ਸਿਰਜੇ
ਸ਼ੋਰ ਸਿਰਜਦਾ ਬੋਲ
ਮੰਦਰਾਂ ਵਰਗੀ ਦੇਹ ਇਨ੍ਹਾਂ ਦੀ
ਰੱਬ ਜਿਨ੍ਹਾਂ ਦੇ ਕੋਲ

-0-

ਕਰਦੇ ਅਰਜ਼ੋਈਆਂ
ਝੱਖੜ ਤੂਫ਼ਾਨ ਜ਼ਲਜ਼ਲੇ
ਜ਼ਿੰਦਗੀ ਵਿਚ ਨਾ ਆਵਣ
ਰਹਿਣ ਸਦਾ ਹੀ ਆਲ੍ਹਣੇ ਵਾਂਗੂੰ
ਨਾ ਤੀਲਾ ਤੀਲਾ ਹੋ ਜਾਵਣ
ਸੁੱਖ ਮੰਗਦੇ ਆਪਣੀ ਤੇ ਸਭ ਦੀ
ਕਿੱਧਰੇ ਨਾ ਵਿੱਛੜ ਜਾਵਣ
ਨੈਣਾਂ ਦੇ ਵਿਚ ਮੰਜ਼ਿਲਾਂ ਭਰ ਕੇ
ਪੈਰੀਂ ਪੰਧ ਮੁਕਾਵਣ
ਲੱਗ ਨਾ ਜਾਏ ਨਜ਼ਰ ਕਿਸੇ ਦੀ
ਇਕ ਤੋਂ ਦੋ ਹੋ ਜਾਵਣ

-0-

ਦੋਵੇਂ ਸੋਚਣ ਇਹ ਘਰ ਆਪਣਾ
ਇਕ ਚੌਂਕਾ ਇਕ ਚੁੱਲ੍ਹਾ
ਵਿਹੜੇ ਵਿਚ ਬੂਟਾ ਅੰਬੀ ਦਾ
ਹਵਾ ਦਾ ਮਿੱਠਾ ਬੁੱਲ੍ਹਾ
ਕਲੀ ਪਈ ਕੰਧਾਂ ਪੋਚ ਕੇ
ਚਿੱੜੀਆਂ ਮੋਰ ਬਣਾਵੇ
ਅੰਬੀਂ ਹੇਠਾਂ ਕੱਢੀ ਚਾਦਰ
ਪਲੱਘੀਂ ਆਣ ਵਿਛਾਵੇ
ਜਦ ਸਰਦਲ ਤੇ ਛੁੱਲ ਦੀ ਆਹਟ
ਕੰਨੀ ਕਲੀ ਹੰਢਾਵੇ
ਲੱਦੀ ਹਾਰ ਸ਼ਿੰਗਾਰ ਸੰਗ

ਆ ਬੂਹੇ ਤੇ ਜਾਵੇ
ਫੜਕੇ ਬਾਂਹ ਮਾਹੀ ਦੀ
ਪਲੰਘ ਲਿਆ ਬਿਠਾਵੇ

-0-

ਬਾਲੇ ਅੱਗ ਚੁਲ੍ਹੇ ਵਿਚ
ਸੱਜਰੀ ਰੋਟੀ ਲਾਵੇ
ਕੁੰਨੀ ਦੇ ਵਿਚ ਰਿੱਝੀ ਦਾਲ ਨੂੰ
ਘਿਓ ਦਾ ਤੜਕਾ ਲਾਵੇ
ਪਲੰਘ ਤੇ ਬੈਠੇ ਮਾਹੀ ਦੇ
ਮੂੰਹ ਵਿਚ ਬੁਰਕੀ ਪਾਵੇ
ਅੱਖੀਆਂ ਦੇ ਵਿਚ ਅੱਖੀਆਂ ਪਾ ਕੇ
ਫੁੱਲ ਨੂੰ ਪਈ ਸਮਝਾਵੇ
ਤੇਰਾ ਮੇਰਾ ਬ੍ਰਹਿਮੰਡਕ ਪਿਆਰ
ਧਰਤੀ ਪਿਆ ਸੁਹਾਵੇ
ਤੂੰ ਆਵੇਂ ਤਾਂ ਮੇਰੇ ਵਿਹੜੇ
ਮੇਰਾ ਰੱਬ ਆ ਜਾਵੇ

-0-

ਤੱਕਿਆ ਜਦ ਮੈਂ
ਇਸ ਨਗਰੀ ਵਿਚ
ਕਲੀਆਂ ਫੁੱਲ ਇਕੱਠੇ
ਇਕ ਦੂਜੇ ਵਿਚ ਸਾਹ ਲੈਂਦੇ
ਖ਼ੁਸ਼ਬੂ ਜਿਉਂ ਫੁੱਲਾਂ ਪੱਲੇ

ਹਰ ਕਲੀ ਦੇ ਸ਼ੀਸ਼ੇ ਦਿਲ ਵਿਚ
ਫੁੱਲ ਕਿਸੇ ਦਾ ਚਿਹਰਾ
ਇਸ ਨਗਰੀ ਵਿਚ ਸਭ ਪਰਾਏ
ਕੋਈ ਨਹੀਂ ਹੈ ਮੇਰਾ

-0-

ਕੋਈ ਨਹੀਂ
ਜੋ ਮੇਰੀ ਚੁੱਪ ਬੋਲਾਂ ਵਿਚ ਬਦਲੇ
ਮੇਰੀ ਵੀਰਾਨੀ ਦੇ ਅੰਦਰ
ਰੌਣਕਾਂ ਖੁਸ਼ੀਆਂ ਧਰ ਦਏ
ਨਾ ਇਹ ਨਗਰੀ ਮੇਰੀ
ਨਾ ਇਹ ਮੇਰੇ ਲੋਕ
ਨਾ ਕੋਈ ਮੇਰੀ ਮੰਜ਼ਿਲ ਇੱਥੇ
ਨਾ ਕੋਈ ਮੇਰਾ ਰਾਹ
ਕਿਤੇ ਵੀ ਕੋਈ ਖ਼ਾਲੀ ਥਾਂ ਨਹੀਂ
ਇਕ ਮੇਰੇ ਦਿਲ ਦੇ ਸਿਵਾ

------

## ਤੀਜੀ ਨਗਰੀ

ਤੀਜੀ ਨਗਰੀ
ਮੈਨੂੰ ਉਜੜੀ ਉਜੜੀ ਜਾਪੇ
ਸੋਗੀ ਮੌਸਮ ਸੋਗੀ ਰੁੱਤਾਂ
ਬਹਾਰਾਂ ਸੋਗ ਅਲਾਪੇ

–0–

ਉਜੜੀਆਂ ਨਗਰੀ ਦੀਆਂ ਗਲੀਆਂ
ਚੁੱਪ ਵੀਰਾਨ ਵਿਹੜੇ
ਹਰ ਘਰ ਵਿਚ ਸੋਗ ਵਸੇਂਦਾ ਚਿਹਰੇ
ਕੰਧਾਂ ਰੋਵਣ ਛੱਤਾਂ ਭੁਸਕਣ
ਬੂਹਿਆਂ ਦੇ ਜ਼ਰਦ ਨੇ ਚਿਹਰੇ
ਖਿਲਰੇ ਵਾਲ ਹਰ ਕਲੀ ਦੇ
ਅੱਖੀਆਂ ਅੱਥਰੂ ਕੇਰੇ
ਪਿੰਜਰ ਜਿਸਮ ਤੇ ਦਿਲ ਵਿਚ ਹੌਕੇ
ਤਿੜਕੇ ਤਿੜਕੇ ਚਿਹਰੇ
ਸੁੱਕੀਆਂ ਕਲੀਆਂ ਵਿਚ ਗ਼ਮਾਂ ਦੇ
ਖੰਡਰ ਚਾਰ ਚੁਫੇਰੇ
ਕਦੀ ਨਹੀਂ ਜਿਵੇਂ ਸੂਰਜ ਚੜ੍ਹਿਆ
ਪਸਰੇ ਇੰਜ ਹਨ੍ਹੇਰੇ

–0–

ਰੁਸੇ ਯਾਰ ਕਈਆਂ ਕਲੀਆਂ ਦੇ
ਕਈਆਂ ਫੇਰੀਆਂ ਅੱਖਾਂ
ਸੁੱਟ ਗਏ ਡੂੰਘੇ ਖੂਹੀਂ
ਰੱਬ ਦੀਆਂ ਹੁਣ ਰੱਖਾਂ

ਤੁਰ ਗਏ ਯਾਰ ਕਈ ਪ੍ਰਦੇਸ਼ੀਂ
ਮੁੜ ਨਾ ਲਈਆਂ ਸਾਰਾਂ
ਪਾ ਗਏ ਇਨ੍ਹਾਂ ਕਲੀਆਂ ਪੱਲੇ
ਦੁੱਖੜੇ ਲੱਖ ਹਜ਼ਾਰਾਂ
ਵਿੱਛੜੇ ਯਾਰਾਂ ਦੇ ਗ਼ਮ ਵਿਚ
ਡੁੱਬੀਆਂ
ਇਹ ਕੂੰਜਾਂ ਦੀਆਂ ਡਾਰਾਂ
ਰੁਸ ਗਏ ਇਨ੍ਹਾਂ ਦੇ ਸੰਗ
ਮੌਸਮ ਰੁੱਤਾਂ ਬਹਾਰਾਂ
ਕਬਰਾਂ ਦੀ ਚੁੱਪ
ਇਨ੍ਹਾਂ ਦੇ ਚਿਹਰਿਆਂ ਉੱਤੇ ਛਾਈ
ਇਹ ਨੇ ਤੁਰਦੀਆਂ ਫਿਰਦੀਆਂ ਲਾਸ਼ਾਂ
ਝੱਲ ਨਾ ਸਕਣ ਜੁਦਾਈ

-0-

ਕਬਰਾਂ ਦੇ ਗਲ ਲਗ ਲਗ ਰੋਵਣ
ਪਿਆਰ ਦੀਆਂ ਸ਼ੁਦਾਈ
ਨਾ ਕੋਈ ਮਿੱਤਰ ਨਾ ਹਮਦਰਦੀ
ਦੁਨੀਆਂ ਸਭ ਪਰਾਈ
ਜੰਗਲ ਜੂਹਾਂ ਬੇਲੇ ਸਭ ਨੇ ਖੰਡਰ ਹੋਏ
ਇਨ੍ਹਾਂ ਕਲੀਆਂ ਦੇ ਕਈ ਸੁਫ਼ਨੇ
ਅੱਖੀਆਂ ਸਾਵੇਂ ਮੋਏ
ਨਗਰੀ ਦੇ ਵਿਚ ਭਾਉਂਦੇ ਫਿਰਦੇ
ਡਰ ਤੇ ਸਹਿਮ ਦੇ ਸਾਏ.

ਕੋਈ ਨਹੀਂ ਜੋ ਇਨ੍ਹਾਂ ਕਲੀਆਂ ਦਾ
ਬਹਿ ਕੇ ਦਰਦ ਵੰਡਾਵੇ

-0-

ਇਨ੍ਹਾਂ ਛਾਵਾਂ ਤੋਂ
ਇਨ੍ਹਾਂ ਦੇ ਰੁੱਖ ਪਰਾਏ ਹੋਏ
ਧੁੱਖਦੀ ਤਕ ਹਰਿਆਵਲ ਜੰਗਲ ਦੀ
ਇਹ ਅੰਦਰ ਵੜ ਵੜ ਰੋਵਣ
ਦਾਗ਼ ਇਸ਼ਕ ਦੇ
ਜਿਗਰ ਇਨ੍ਹਾਂ ਦੇ
ਰੰਗ ਲਹੂ ਦਾ ਹੋਵਣ
ਕਦ ਅੱਖੀਆਂ ਚੋਂ ਅੱਥਰੂ ਰੁਕਦੇ
ਅੱਖੀਆਂ ਸਾਵੇਂ
ਸੱਜਣ ਜਿਨ੍ਹਾਂ ਦੇ ਮੋਏ
ਜਾਂ ਪ੍ਰਦੇਸੀ ਹੋਏ

-0-

ਗ਼ਮ ਦੇ ਹਾਰ ਪਰੋ ਕੇ ਕਲੀਆਂ
ਆਪਣੇ ਗਲ ਵਿਚ ਪਾਏ
ਦੀਦੇ ਇਨ੍ਹਾਂ ਦੇ
ਸੱਜਣਾਂ ਦੀ ਦੀਦ ਲਈ ਤਹਿਰਾਏ
ਝੂਠੀ ਆਸ ਤੇ ਕਲੀਆਂ ਜੀਵਨ
ਤੁਰ ਗਏ ਜੋ ਸੱਜਣ
ਉਹ ਕਦ ਮੁੜਕੇ ਨੇ ਆਏ

-0-

ਇਹ ਕਬਰਾਂ ਚੋਂ ਜੀਵਨ ਭਾਲਣ

ਉਜਾੜਾਂ ਚੋਂ ਬਹਾਰਾਂ
ਉਸ ਸਾਜ਼ ਨੇ ਕੀ ਵਜਣਾ ਹੈ
ਟੁਟੀਆਂ ਜਿਸਦੀਆਂ ਤਾਰਾਂ
ਇਕ ਖ਼ੁਸ਼ੀ ਲਈ ਝਲੀਆਂ ਕਲੀਆਂ
ਜੀਵਨ ਵਿਚ ਦੁੱਖ ਹਜ਼ਾਰਾਂ
ਕੌਣ ਕਰੇ ਫੁੱਲਾਂ ਦੀ ਰਾਖੀ
ਜਦ ਡੰਗਿਆ ਹੈ ਖਾਰਾਂ

-0-

ਇਹ ਉਹ ਬੇੜੀਆਂ
ਜੋ ਸੰਗ ਪੂਰਾਂ
ਪੱਤਣਾਂ ਤੇ ਨੇ ਡੁੱਬੀਆਂ
ਸੂਲਾਂ ਦਰਦ ਵਿਛੋੜੇ ਦੀਆਂ
ਦਿਲ ਇਨ੍ਹਾਂ ਦੇ ਖੁੱਭੀਆਂ
ਰੋ ਰੋ ਰਾਤ ਗੁਜ਼ਾਰਨ ਮੋਈਆਂ
ਦਿਨ ਕਟਣ ਭਰ ਭਰ ਹੌਕੇ
ਤੱਤੀ ਹਵਾ ਦੇ ਬੁਲੇ ਬਣ ਗਏ
ਸੀਤ ਹਵਾ ਦੇ ਝੌਂਕੇ

-0-

ਇਹ ਕਲੀਆਂ ਹਨ ਉਹ ਛੱਤਾਂ
ਜੋ ਧੁੱਪਾਂ ਵਿਚ ਚੋਵਣ
ਜਦ ਵੀ ਆਪਣਾ ਚਿਹਰਾ ਤੱਕਣ
ਆਪਣੇ ਗਲ ਲੱਗ ਰੋਵਣ
ਕਬਰਾਂ ਦੀ ਨਗਰੀ ਵਿਚ
ਇਨ੍ਹਾਂ ਦਾ ਰਹਿਣ ਵਸੇਰਾ

ਸੂਲਾਂ ਉੱਤੇ ਤੁਰਨਾ ਇਨ੍ਹਾਂ
ਕੋਲੇ ਚਾਰ ਚੁਫੇਰਾ

-0-

ਖੋਲ੍ਹ ਕੇ ਰੱਖਣ ਗਿਰੇਬਾਨ
ਕੋਈ ਸੂਰਜ ਝਾਤੀ ਮਾਰੇ
ਚਾਨਣ ਦੀ ਕੋਈ ਕਿਰਨ
ਇਨ੍ਹਾਂ ਦੇ ਸੀਨੇ ਵਿਚ ਉਤਾਰੇ
ਚਾਨਣ ਦੇ ਭੁਲੇਖੇ
ਇਹ ਹਨ੍ਹੇਰੇ ਵਿਚ ਉਤਰ ਜਾਵਣ
ਭਾਲਣ ਆਪਣਾ ਆਪਾ ਆਪੇ
ਗ਼ਮ ਦੀ ਜੂਨ ਹੰਢਾਵਣ
ਗੁਆਚਾ ਆਪਾ ਵਿਚ ਹਨ੍ਹੇਰੇ
ਹੱਥ ਵੀ ਕੁੱਝ ਨਾ ਆਇਆ
ਕੀ ਖੱਟਿਆ ਪਿਆਰ 'ਚ ਇਨ੍ਹਾਂ
ਆਪਣਾ ਆਪ ਗੁਵਾਇਆ
ਤਨ ਤੰਦੂਰ ਤਪੇ ਇਨ੍ਹਾਂ ਦਾ
ਮੁੱਠ ਸਵਾਹ ਦੀ ਹੋਈਆਂ
ਮਰਿਆਂ ਨਾਲ ਨਾ ਮਰਿਆ ਜਾਏ
ਭਾਵੇਂ ਜੀਂਦੇ ਜੀਅ ਇਹ ਮੋਈਆਂ

-0-

ਇਨ੍ਹਾਂ ਦੀ ਖੰਡਰ ਦੇਹ ਵਿਚ
ਕੀੜਿਆਂ ਭੌਣ ਬਣਾਏ
ਇਨ੍ਹਾਂ ਦੀ ਰੂਹ ਨੂੰ ਬ੍ਰਿਹਾ ਚੱਟ ਚੱਟ ਖਾਏ
ਇਨ੍ਹਾਂ ਦੀ ਰੌਣਕ ਨੂੰ
ਪੱਤਝੜ ਪਈ ਹੰਢਾਏ

-0-

ਇਹ ਸੁੱਕੇ ਰੁੱਖ
ਜੋ ਨਜ਼ਰੀਂ ਨਾ ਰੁੱਤਾਂ ਦੇ ਆਏ
ਪਿੰਡੇ 'ਚ ਸ਼ਮਸ਼ਾਨ ਪਸਰਿਆ
ਜ਼ਿੰਦਗੀ ਮੌਤ ਹੰਢਾਏ
ਇਨ੍ਹਾਂ ਕਲੀਆਂ
ਆਪਣੇ ਦਿਲ ਦੇ ਸੁਫ਼ਨੇ ਸੂਲ ਚੜ੍ਹਾਏ

-0-

ਪੱਥਰ ਹੋਈਆਂ ਇਹ ਰੂਹਾਂ
ਨਾ ਹੱਸਣ ਨਾ ਮੁਸਕਾਵਣ
ਇਕ ਦੂਜੀ ਨੂੰ ਜਦ ਵੀ ਮਿਲਦੀਆਂ
ਬਾਤ ਸੱਜਣ ਦੀ ਪਾਵਣ
ਸੱਜਣ ਜੋ ਨੀਂਹਾਂ 'ਚ ਚਿਣ ਗਏ
ਕਈ ਉਮਰਾਂ ਦੇ ਸੁਫ਼ਨੇ
ਸੱਜਣ ਜੋ ਰੇਤ 'ਚ ਭੁੰਨ ਗਏ
ਚਾਅ ਕੁਆਰੇ ਮਨ ਦੇ

-0-

ਉਨ੍ਹਾਂ ਦੇ ਗ਼ਮ ਵਿਚ ਡੁੱਬੀਆਂ
ਕਿਨਾਰੇ ਅਜੇ ਨਾ ਲੱਗੀਆਂ
ਇਹ ਪੌਣਾਂ ਜੋ ਆਪਣੇ ਪੈਰੀਂ
ਪਿੱਠ ਵਲ ਹੋ ਕੇ ਵਗੀਆਂ.
ਗ਼ਮ ਸੱਜਣ ਦਾ ਰੱਬ ਦੀ ਪੂਜਾ
ਸਮਝ ਬੈਠੀਆਂ ਕਲੀਆਂ
ਚੜ੍ਹਦੀ ਉਮਰੇ ਉਮਰੋਂ ਢਲੀਆਂ

ਚਿਹਰੇ ਜ਼ਰਦ
ਅੱਖਾਂ ਵਿਚ ਨਿਰਾਸ਼ਾ
ਰੋਵਣ ਦਿਲ ਦੇ ਅੱਥਰੂ
ਜ਼ਖ਼ਮੀ ਜ਼ਖ਼ਮੀ ਹਾਸਾ

-0-

ਗ਼ਮ ਸੱਜਣ ਦਾ
ਇਨ੍ਹਾਂ ਕਲੀਆਂ ਹੈ ਸੀਨੇ ਨਾਲ
ਲਾਇਆ
ਇਸੇ ਗ਼ਮ ਨੂੰ ਹੈ ਆਪਣਾ ਜੀਵਨ
ਪ੍ਰਾਣ ਬਣਾਇਆ
ਇਸ ਗ਼ਮ ਵਿਚ ਜਿਉਣਾ
ਇਸ ਵਿਚ ਮਰਨਾ ਚਾਹਿਆ
ਸੁੱਖੀ ਵਸੇ ਜਿਸ ਸਾਡੇ ਪੱਲੇ
ਸਰਮਾਇਆ ਗ਼ਮਾਂ ਦਾ ਪਾਇਆ
ਤੱਤੀ ਹਵਾ ਨਾ ਲੱਗੇ ਉਸਨੂੰ
ਉਹ ਦੇਹ ਅਸੀਂ ਹਾਂ ਸਾਇਆ

-0-

ਅਸੀਂ ਪੁਜਾਰਨ
ਉਸਦੇ ਗ਼ਮ ਦੀਆਂ
ਉਹ ਸਾਡਾ ਖ਼ੁਦਾਇਆ
ਰੱਬ ਤੋਂ ਪਹਿਲਾਂ ਬੇਦਰਦੀ ਨੂੰ
ਅਸਾਂ ਸਿਮਰਿਆ ਤੇ ਧਿਆਇਆ

-0-

ਸੁਣੇ ਬੋਲ
ਜਦ ਮੈਂ ਕਲੀਆਂ ਦੇ
ਤਰਸ ਉਨ੍ਹਾਂ ਤੇ ਆਇਆ
ਮੈਂ ਕੁਰਬਾਨ ਵਾਰੀ ਉਨ੍ਹਾਂ ਤੋਂ
ਮੋਇਆਂ ਵਿਛੜਿਆਂ ਸੱਜਣਾਂ ਦਾ
ਗ਼ਮ ਜਿਨ੍ਹਾਂ ਦਿਲ ਨੂੰ ਲਾਇਆ

-0-

ਗ਼ਮ ਨਾਲ
ਐਸੀ ਹਾਂ ਇਕ ਹੋਈਆਂ
ਉਨ੍ਹਾਂ ਗ਼ਮ ਦਾ ਰੂਪ ਵਟਾਇਆ
ਇਹ ਨਗਰੀ ਵੀ ਨਹੀਂ ਮੇਰੀ
ਨਾ ਕੁੱਝ ਕਲੀਆਂ ਦੇ ਹੀ ਕੋਲ
ਇਨ੍ਹਾਂ ਦੇ ਦਿਲ ਵਿਚ ਗ਼ਮ ਯਾਰ ਦਾ
ਬੁੱਲ੍ਹਾਂ ਤੇ ਸੱਜਣਾਂ ਦੇ ਬੋਲ
ਮੇਰੇ ਲਈ ਕੋਈ ਖੈਰ ਨਹੀਂ
ਇਨ੍ਹਾਂ ਕੋਲ
ਜੋ ਇਹ ਮੇਰੀ ਝੋਲੀ ਪਾਉਣ
ਕਿਸੇ ਦੇ ਦਿਲ ਵਿਚ ਕੋਈ ਥਾਂ ਨਹੀਂ
ਜਿਸ ਵਿਚ
ਕਿਸੇ ਅਜ਼ਨਬੀ ਨੂੰ ਬਿਠਾਉਣ
ਨਾ ਕੋਈ ਕਲੀਆਂ ਦੀ ਹਸਰਤ
ਨਾ ਹੀ ਦਿਲ ਵਿਚ ਕੋਈ ਚਾਅ
ਕਿਤੇ ਵੀ ਕੋਈ ਖ਼ਾਲੀ ਥਾਂ ਨਹੀਂ
ਇਕ ਮੇਰੇ ਦਿਲ ਦੇ ਸਿਵਾ

-----

## ਚੌਥੀ ਨਗਰੀ

ਇਹ ਨਗਰੀ
ਰੰਗਰਲੀਆਂ ਦੀ ਹੈ
ਸੁੰਦਰ ਸੁੰਦਰ ਕਲੀਆਂ ਦੀ ਹੈ
ਸੁਰ ਸੰਗੀਤ ਤੇ ਸਾਜ਼ ਦੀ ਹੈ
ਨਿਰਤ ਅਲਾਪ ਤੇ ਰਾਗ ਦੀ ਹੈ

-0-

ਸਾਰੀ ਰਾਤ
ਇਹ ਨਗਰੀ ਜਗਦੀ ਹੈ
ਚੰਨਾਂ ਤਾਰਿਆਂ ਵਾਂਗੂੰ
ਝਿੱਲਮਿਲ ਝਿੱਲਮਿਲ ਕਰਦੀ ਹੈ
ਇਹ ਨਗਰੀ
ਖੁਸ਼ਬੂਆਂ ਰੰਗਾਂ ਰੁੱਤਾਂ ਦੀ ਹੈ
ਚਾਂਦੀ ਦੇ ਸਿੱਕਿਆਂ
ਸੋਨੇ ਦੇ ਬੁੱਤਾਂ ਦੀ ਹੈ

-0-

ਇਸ ਨਗਰੀ ਵਿਚ
ਕਲੀਆਂ ਆਪਣੀ ਮਹਿਕ
ਜਿਸਮ ਵੇਚਦੀਆਂ
ਆਪਣਾ ਆਪਾ
ਆਪਣੀ ਸ਼ਰਮ ਹਯਾ ਵੇਚਦੀਆਂ
ਨੂਰ ਵਰਗੀਆਂ ਸੂਰਤਾਂ ਨੇ ਇਹ
ਬੁੱਤਾਂ ਵਰਗੀਆਂ ਮੂਰਤਾਂ ਨੇ ਇਹ
ਬਹਾਰਾਂ ਵਰਗੇ ਨੈਣ ਨਕਸ਼ ਨੇ

ਚੰਦਨ ਵਰਗੇ ਜਿਸਮ ਇਨ੍ਹਾਂ ਦੇ
ਚਾਂਦਨੀ ਵਰਗੇ ਰੂਪ ਇਨ੍ਹਾਂ ਦੇ
ਚੰਨਾਂ ਜਿਹੇ ਸਰੂਪ ਇਨ੍ਹਾਂ ਦੇ

-0-

ਹਾਸੇ ਤੇ ਮੁਸਕਾਣਾਂ ਵੇਚਣ
ਪਿੰਡੇ ਦਾ ਨਿੱਘ ਨਖ਼ਰੇ ਵੇਚਣ
ਸੁਰਮੇ ਵਾਲੀਆਂ ਅੱਖਾਂ
ਤੇ ਦੰਦਾਸੇ ਵਰਗਾ ਰੂਪ ਵੇਚਦੀਆਂ
ਲਹਿਰਾਂ ਜਿਹੇ ਉਭਾਰ ਵੇਚਦੀਆਂ
ਰੂਹ ਤਾਸੀਰ ਜ਼ਮੀਰ ਵੇਚਦੀਆਂ
ਮਨ ਬੁੱਧੀ ਤੇ ਪਿੰਡੇ ਦਾ ਖਮੀਰ
ਵੇਚਦੀਆਂ

-0-

ਇਹ ਨਗਰੀ
ਚਾਂਦੀ ਤੇ ਸਿੱਕਿਆਂ ਦੀ ਨਗਰੀ ਹੈ
ਸਿੱਕਿਆਂ ਬਦਲੇ ਈਮਾਨ ਹੈ ਵਿਕਦਾ
ਪੂਜਾ ਪੂਜਣ ਸਮੱਗਰੀ ਦਾ
ਸਮਾਨ ਹੈ ਵਿਕਦਾ
ਮੰਦਰ ਦਾ ਭਗਵਾਨ ਹੈ ਵਿਕਦਾ
ਸਿੱਕੇ ਹੀ ਪ੍ਰਾਣ ਇਨ੍ਹਾਂ ਦੇ
ਜੀਵਨ ਦੀ ਗੁਜ਼ਰਾਨ ਇਨ੍ਹਾਂ ਦੇ
ਸਿੱਕੇ ਹਨ ਤਾ ਸਭ ਕੁੱਝ ਹੈ

ਸਿੱਕੇ ਜਜ਼ਬੇ ਅਰਮਾਨ ਇਨ੍ਹਾਂ ਦੇ
ਸਿੱਕੇ ਲਹੂ ਦਾ ਰੰਗ ਇਨ੍ਹਾਂ ਦੇ
ਸਿੱਕਿਆਂ ਸੰਗ ਹੀ ਦਮ ਇਨ੍ਹਾਂ ਦੇ

-0-

ਸਿੱਕੇ ਹਨ ਇਨ੍ਹਾਂ ਦੀ ਬੋਲੀ
ਸਿੱਕੇ ਹਨ ਰੁਜ਼ਗਾਰ ਇਨ੍ਹਾਂ ਦੇ
ਸਿੱਕੇ ਹਨ ਹਸਤੀ ਇਨ੍ਹਾਂ ਦੀ
ਸਿੱਕੇ ਹਨ ਸਨਮਾਨ ਇਨ੍ਹਾਂ ਦੇ
ਸਿੱਕਿਆਂ ਸਾਹਵੇਂ ਅਜ਼ਮਤ ਸਸਤੀ
ਸਿੱਕੇ ਹਨ ਭਗਵਾਨ ਇਨ੍ਹਾਂ ਦੇ

-0-

ਕੋਠੇ ਦਾ ਰੰਗ ਰੂਪ ਸਿੱਕਾ ਹੈ
ਰੌਣਕ ਤੇ ਸਰੂਪ ਸਿੱਕਾ ਹੈ
ਰੂਪ ਤੇ ਸਰੂਪ ਸਿੱਕਾ ਹੈ
ਰੂਪ ਜਵਾਨੀ
ਸਿੱਕਿਆਂ ਦੇ ਵਿਚ ਤੋਲਦੀਆਂ ਹਨ
ਸਿੱਕਾ ਹੀ ਹੈ ਚੁੱਪ ਇਨ੍ਹਾਂ ਦੀ
ਸਿੱਕਿਆਂ ਦੀ ਭਾਸ਼ਾ ਬੋਲਦੀਆਂ ਹਨ

-0-

ਨਿਰਤ ਕਰਨ ਅਦਾਵਾਂ ਵੰਡਣ
ਟੁੱਟਿਆਂ ਦਿਲਾਂ ਦੀਆਂ ਤਾਰਾਂ ਗੰਢਣ
ਲੋਕਾਂ ਦਾ ਇਹ ਗ਼ਮ ਭੁਲਾਵਣ
ਖ਼ੁਸ਼ੀਆਂ ਬਣਕੇ ਰੌਣਕਾਂ ਬਣਕੇ
ਲੋਕ ਦਿਲਾਂ ਵਿਚ ਉਤਰ ਜਾਵਣ

-0-

ਹਰ ਕੋਈ
ਗਲਤ ਕਰੇ ਗ਼ਮ ਆਪਣਾ
ਸਿੱਕੇ ਤਾਰੇ ਭਰੇ ਦਮ ਆਪਣਾ
ਆਪਣੀ ਵਾਸ਼ਨਾ ਸੰਗ
ਲੋਕਾਂ ਦਾ ਕਾਮ ਬੁਝਾਵਣ
ਸਾੜਣ ਕਾਮੀ ਖ਼ੁਦ ਸੜ ਜਾਵਣ

-0-

ਨੰਗੇ ਜਿਸਮ ਕਾਮੀ ਦਰਿਆ
ਵਾਸ਼ਨੀਂ ਨਦੀਆਂ ਦਾਮਨੀ ਦਰਿਆ
ਕੰਢਿਆਂ ਉਤੋਂ ਵੱਗਣ ਇਕੱਠੇ
ਪਾਣੀ 'ਚ ਜਦ ਪਾਣੀ ਰਲ ਜਾਵੇ
ਨਦੀਆਂ ਦਰਿਆ ਮੱਠੇ ਮੱਠੇ

-0-

ਜ਼ਰਦ ਚਿਹਰੇ ਗ਼ਮਾਂ ਦੇ ਮਾਰੇ
ਜਦ ਕੋਠੇ ਦੀ ਸਰਦਲ ਤੇ ਆਵਣ
ਤੱਕ ਪਰੀਆਂ ਜਿਹੀਆਂ ਕਲੀਆਂ
ਸੁਰਖ਼ ਚਿਹਰੇ ਅੰਦਰ ਹੋ ਜਾਵਣ
ਮੂੰਹ ਮੰਗੇ ਦਾਮਾ ਦੀ ਦੁਨੀਆਂ
ਅੱਗ ਵਾਸ਼ਨਾ ਕਾਮਾਂ ਦੀ ਦੁਨੀਆਂ
ਹਰ ਇਕ ਦਾ ਦਿਲ ਬਹਿਲਾਵਣ
ਹਰ ਦਿਲ ਦੇ ਵਿਚ ਉਤਰ ਜਾਵਣ
ਅੱਗ ਨਾਲ
ਅੱਗ ਦੀ ਅੱਗ ਬੁਝਾਵਣ

-0-

ਜਿਸਮਾਂ ਦਾ ਪਿੰਡਾ ਤਰਦੇ ਲੋਕ
ਅੱਗ ਸਾਗਰ ਵਿਚ ਠਰਦੇ ਲੋਕ
ਧੀ ਦੀ ਉਮਰਾ ਬਾਪ ਹੰਢਾਵੇ
ਸਭ ਰਿਸ਼ਤੇ ਸਿੱਕਿਆਂ ਦਾ ਵਜ਼ੂਦ
ਸਿੱਕਿਆਂ ਸਾਹਵੇਂ ਹਰੇ ਨਾ ਹੋਸ਼

-0-

ਹਰ ਰਿਸ਼ਤਾ
ਕਾਮ ਵਾਸ਼ਨਾ ਦਾ ਰਿਸ਼ਤਾ ਹੈ
ਸਿੱਕਿਆਂ ਸਾਹਵੇਂ
ਹਰ ਰਿਸ਼ਤਾ ਹੀ ਸਸਤਾ ਹੈ
ਪਵਿੱਤਰ ਤੋਂ ਪਵਿੱਤਰ ਰਿਸ਼ਤਾ
ਇਸ ਕੋਠੇ ਤੇ ਆ ਕੇ
ਅੱਗ ਦੀ ਅੱਗ 'ਚ ਢਲ ਜਾਂਦਾਂ ਹੈ
ਧੂੰਆਂ ਨਿਕਲਣ ਤੋਂ ਪਹਿਲਾਂ ਹੀ
ਬਲ ਜਾਂਦਾ ਹੈ
ਬਰਫ਼ ਦਾ ਗੋਲਾ
ਅੱਗ ਦਾ ਪਿੰਡਾ ਤਰ ਜਾਂਦਾ ਹੈ
ਰਿਸ਼ਤਿਆਂ ਦਾ ਸੱਚ
ਇਸ ਸਰਦਲ ਤੇ ਆ ਕੇ ਮਰ ਜਾਦਾ ਹੈ

-0-

ਇਹ ਕਲੀਆਂ
ਬੁੱਝੇ ਜੀਵਨ ਵਿਚ ਦੀਵੇ
ਬਾਲਦੀਆਂ ਹਨ

ਪੱਤਝੜਾਂ ਉਜਾੜਾਂ ਉਦਾਸੀਆਂ 'ਚ
ਬਹਾਰਾਂ ਰੌਣਕਾਂ ਖ਼ੁਸ਼ੀਆਂ ਉਤਾਰਦੀਆਂ ਹਨ
ਸੁੱਕਿਆਂ ਰੁੱਖਾਂ ਨੂੰ
ਇਹ ਹਰਿਆਵਲ ਕਰਦੀਆਂ ਹਨ
ਹਨ੍ਹੇਰੇ ਦਿਲਾਂ 'ਚ ਸੂਰਜ ਧਰਦੀਆਂ ਹਨ
ਸਿੱਕਿਆਂ ਖ਼ਾਤਰ ਆਪਣੀ ਹਿੱਕ ਤੇ
ਗ਼ਮ ਦੂਜੇ ਦਾ ਜਰਦੀਆਂ ਹਨ
ਸੁੱਕੇ ਦਰਿਆ ਤਰਦੀਆਂ ਹਨ
ਫੁੱਲਾਂ ਵਿਚ ਰੰਗ ਭਰਦੀਆਂ ਹਨ
ਰੁੱਖਾਂ ਨੂੰ ਜੰਗਲ ਕਰਦੀਆਂ ਹਨ

-0-

ਗ਼ਮ ਲੈ ਕੇ ਆਉਂਦੇ ਨੇ ਜੋ
ਖ਼ੁਸ਼ੀਆਂ ਲੈ ਜਾਂਦੇ ਨੇ ਉਹ
ਸਮਾਜ ਨੇ ਜਿਨ੍ਹਾਂ ਨੂੰ ਠੁਕਰਾਇਆ
ਉਹ ਜੋ ਦਰ ਇਨ੍ਹਾਂ ਦੇ ਆਇਆ
ਉਸਨੇ ਆਪਣਾ ਮੂਲ ਹੈ ਪਾਇਆ

-0-

ਜੀਵਨ ਦੀਆਂ ਮੁਸ਼ਕਲਾਂ
ਮਜਬੂਰੀਆਂ 'ਚ ਘਿਰਿਆ ਹੈ ਜੋ
ਮਨ ਦਾ ਬੋਝ ਉਤਾਰ
ਹਲਕਾ ਹੋ ਪਰਤਿਆ ਹੈ ਉਹ
ਖ਼ੁਦਕਸ਼ੀ ਤਕ ਅੱਪੜਿਆ ਜੀਵਨ
ਇਹ ਪਰੀਆਂ ਮੋੜ ਲਿਆਉਂਦੀਆਂ ਨੇ

ਆਪਣੀ ਆਗੋਸ਼ ਦਾ ਨਿੱਘ ਦੇ ਕੇ
ਜੀਵਨ ਜੋਤ ਜਗਾਉਂਦੀਆਂ ਨੇ

-0-

ਦੂਜਿਆਂ ਨੂੰ
ਇਹ ਖੁਸ਼ੀਆਂ ਦਿੰਦੀਆਂ
ਆਪਣੇ ਗ਼ਮ 'ਚ ਸਦਾ ਜਿਉਂਦੀਆਂ
ਭਰਦੀਆਂ ਨੇ ਇਹ ਰੰਗ ਜੀਵਨ ਵਿਚ
ਆਪਣਾ ਜੀਵਨ ਬੇਰੰਗਾ ਹੈ
ਲੋਕ ਜੋ ਆਪਣੀਆਂ ਅਸਤੀਆਂ
ਇਨ੍ਹਾਂ ਨਦੀਆਂ ਵਿਚ ਪਾਉਂਦੇ ਨੇ
ਮਰ ਕੇ ਵੀ ਉਹ ਜੀਵਨ ਵਿਚ
ਪਰਤ ਆਉਂਦੇ ਨੇ

-0-

ਹਨ੍ਹੇਰੇ ਵਿਚ ਚਾਨਣ ਕਰਦੀਆਂ ਨੇ ਇਹ
ਖੁਦ ਵੀਰਾਨੀ ਦੀ ਬੁੱਕਲੇ ਸੜਦੀਆਂ ਨੇ ਇਹ
ਜਿਸ ਪੱਥ ਵਿਚ ਜ਼ਿੰਦਗੀ ਧਰਦੀਆਂ ਨੇ
ਉਸ ਪੱਥ ਦੀ ਖਾਤਰ ਮਰਦੀਆਂ ਨੇ
ਜੀਵਨ ਵਿਚ ਸੂਰਜ ਧਰਦੀਆਂ ਨੇ
ਆਪ ਹਨ੍ਹੇਰਾ ਤਰਦੀਆਂ ਨੇ
ਹਰ ਜਿਸਮ 'ਚ ਆਪਾ ਧਰਦੀਆਂ ਨੇ
ਆਪਣੇ ਹੱਥੀਂ ਸਿਰਜੀ ਸੂਲੀ ਚੜ੍ਹਦੀਆਂ ਨੇ

-0-

ਜੋ ਵੀ ਕਾਰ ਵਿਹਾਰ
ਇਹ ਕਲੀਆਂ ਕਰਦੀਆਂ ਨੇ

ਉਸ ਵਿਚ ਮਰਦੀਆਂ ਨੇ
ਸਿੱਕਿਆਂ ਦੀ ਦੁਆਲੇ ਆਪਣੀ
ਉੱਚੀ ਕੰਧ ਉਸਾਰੀ ਹੈ
ਸਿੱਕਿਆਂ ਦੇ ਭਾਰ ਹੇਠ ਜ਼ਮੀਰ ਮਾਰ ਕੇ
ਆਪਣੀ ਉਮਰ ਗੁਜ਼ਾਰੀ ਹੈ

-0-

ਤੱਕਿਆ ਜਦ ਖੇਲ
ਮੈਂ ਇਸ ਨਗਰੀ ਦਾ
ਮਨ ਹੈਰਾਨ ਪਰੇਸ਼ਾਨ ਬੜਾ ਹੋਇਆ
ਕੋਠੇ ਦੀਆਂ ਕੰਧਾਂ ਦੇ ਗਲ ਲੱਗ ਰੋਇਆ
ਸਿੱਕਿਆਂ ਬਦਲੇ
ਹਰ ਇਕ ਦੀਆਂ ਇਹ ਹੋ ਜਾਵਣ
ਖੁਸ਼ੀਆਂ ਖੇੜੇ ਵੰਡਦੀਆਂ ਜਾਵਣ
ਕਬਰਾਂ ਵਿਚ ਜੀਵਨ ਧਰਦੀਆਂ ਜਾਵਣ
ਪਹਾੜ ਚੀਰ ਸਾਗਰ ਤਕ ਜਾਵਣ
ਅੰਬਰ ਨੂੰ ਇਹ ਟਾਕੀ ਲਾਵਣ
ਧਰਤੀ ਪੈਰਾਂ ਹੇਠ ਹੰਢਾਵਣ

-0-

ਪਰ ਸਿੱਕਿਆਂ ਬਿਨਾਂ
ਇਹ ਕਿਸੇ ਦੀਆਂ ਵੀ ਹੋ ਨਾ ਸਕਣ
ਦਾਗ਼ ਕਿਸੇ ਵੀ ਦਿਲ ਦੇ ਧੋ ਨਾ ਸਕਣ
ਕੰਡਿਆਂ ਦੀ ਥਾਂ ਫੁੱਲ
ਇਹ ਕਲੀਆਂ ਬੋਅ ਨਾ ਸਕਣ

ਚੁੱਲ੍ਹਾ ਕਿਸੇ ਵੀ ਘਰ ਦਾ
ਇਹ ਗਰਮਾ ਨਾ ਸਕਣ
ਸਿੱਕਿਆਂ ਬਿਨਾਂ ਕਿਸੇ ਨਾਲ ਵੀ
ਜੀਵਨ ਇਹ ਬਿਤਾ ਨਾ ਸਕਣ
ਗ੍ਰਿਹਸਤੀ ਚਾਰਦੀਵਾਰੀ ਅੰਦਰ
ਜੀਅ ਨਾ ਸਕਣ
ਜ਼ਹਿਰ ਪੀਣ ਵਾਲੀਆਂ ਕਲੀਆਂ
ਘੁੱਟ ਅੰਮ੍ਰਿਤ ਦਾ ਪੀ ਨਾ ਸਕਣ

-0-

ਇਨ੍ਹਾਂ ਪਰੀਆਂ ਦੀ ਦੇਹ ਵਿਚ ਸਿੱਕਾ
ਮਨੁੱਖ ਲਈ ਧੜਕਦਾ ਦਿਲ ਨਹੀਂ ਹੈ
ਮਨੁੱਖਤਾ ਲਈ
ਇਸ ਦਿਲ ਵਿਚ ਨਹੀਂ ਕੋਈ ਸਾਹ
ਕਿਤੇ ਵੀ ਖਾਲੀ ਥਾਂ ਨਹੀਂ ਹੈ
ਇਕ ਮੇਰੇ ਦਿਲ ਦੇ ਸਿਵਾ

------

## ਪਗ-ਡੰਡੀ

ਪਗ-ਡੰਡੀ ਨਿਕਲੀ ਹੈ
ਆਪਣਾ ਸੱਖਾਣਾਪਣ ਭਰਨ ਲਈ
ਇਕ ਬੂੰਦ ਲਈ
ਅੰਗ ਦਾ ਦਰਿਆ ਤਰਨ ਲਈ

-----

## ਪਗ-ਡੰਡੀ ਆਪਣੀ ਤਲਾਸ਼ 'ਚ

ਮੈਂ ਪਗ-ਡੰਡੀ ਹਾਂ
ਜਨਮ ਜਨਮਾਤਰਾਂ ਤੋਂ ਰੰਡੀ ਹਾਂ
ਆਪਣੀ ਇਕੱਲ ਤੇ ਚੁੱਪ ਹੰਢਾਵਾਂ
ਜਦ ਵੀ ਆਪਣਾ ਚਿਹਰਾ ਤੱਕਾਂ
ਅੱਥਰੂ ਕੇਰਾਂ ਮਰਦੀ ਜਾਵਾਂ
ਮੇਰੇ ਵਿਹੜੇ
ਰੁੱਤਾਂ ਮੌਸਮ ਨਾ ਬਹਾਰਾਂ
ਨਾ ਰੰਗ ਮਹਿਕਾਂ ਨਾ ਗੁਲਜ਼ਾਰਾਂ

-0-

ਕਬਰਾਂ ਦੀ ਚੁੱਪ ਮੇਰੇ ਤੇ ਛਾਈ
ਮੈਂ ਪੱਥਰ ਦੀ ਜੂਨੇ ਆਈ
ਖੰਡਰ ਹੋਇਆ
ਸੜਦਾ ਥਲ ਵਜ਼ੂਦ ਹੈ ਮੇਰਾ
ਖਿਜਾਂ ਵੀਰਾਨੀ ਉਦਾਸੀ ਦਾ
ਮੇਰੀ ਦੇਹ ਵਿਚ ਡੇਰਾ
ਮੇਰੇ ਵਿਹੜੇ ਦਾ ਗੁਲਸ਼ਨ ਸੁੱਕਾ ਰੁੱਖ ਹੈ
ਨਾ ਸੂਰਜ ਕਿਰਨਾਂ ਨਾ ਛਾਂ ਧੁੱਪ ਹੈਂ

-0-

ਮੈਂ ਪਗ-ਡੰਡੀ
ਹਨ੍ਹੇਰਿਆਂ ਵਿਚ ਗੁਆਚੀ
ਨਾ ਆਪਣਾ ਚਿਹਰਾ ਪਹਿਚਾਣਾ
ਨਾ ਹੀ ਦੇਹੀ ਦਾ ਸੱਚ ਜਾਣਾ

ਨਾ ਮੈਂ ਰਾਹ ਹੋਈ ਨਾ ਮੰਜ਼ਿਲ
ਗੁੰਮ ਗਈ ਮੈਂ ਆਪਣੇ ਅੰਦਰ
ਨਾ ਧਰਤੀ ਅਕਾਸ਼ ਹੈ ਮੇਰਾ
ਕਬਰਾਂ ਦੀ ਦੇਹ ਵਾਸ ਹੈ ਮੇਰਾ

–0–

ਦੁਨੀਆਂ ਤੋਂ ਠੁਕਰਾਈ ਹੋਈ ਹਾਂ
ਝੋਰਿਆਂ ਪੀੜਾਂ ਸੋਗਾਂ ਵਿਚ
ਸਮਾਈ ਹੋਈ ਹਾਂ
ਇਸ ਜਹਾਨ 'ਚ ਕੋਈ ਨਹੀਂ ਮੇਰਾ
ਜਿਸ ਦੇ ਗਲ ਲਗ ਰੋ ਸਕਾਂ
ਦਿਲ ਦੇ ਦਾਗ਼ ਵਿਖਾ ਸਕਾਂ
ਨਾ ਮੈਨੂੰ ਜੀਵਨ ਹੀ ਮਿਲਿਆ
ਨਾ ਮੈਨੂੰ ਮੌਤ ਹੀ ਆਈ
ਨਾ ਧੁੱਖੀ ਨਾ ਬਲੀ ਮੈਂ
ਹੌਕੇ ਭਰ ਭਰ ਉਮਰ ਬਿਤਾਈ

–0–

ਨਾ ਕੋਈ ਘਰ ਵਿਹੜਾ ਨਾ ਸਰਦਲ
ਜ਼ਿੰਦਗੀ ਮੇਰੀ ਨਿਰੀ ਹੈ ਦਲਦਲ
ਮੇਰੇ ਰੁੱਖ ਦੀ ਟਾਹਣੀ ਤੇ
ਕਦੀ ਕੋਈ ਪੰਛੀ ਨਹੀਂ ਆਇਆ
ਨਾ ਰੰਗਾਂ ਖੁਸ਼ੀਆਂ ਮਹਿਕਾਂ
ਫੇਰਾ ਹੀ ਪਾਇਆ
ਮੇਰੀ ਦੇਹ ਦੀ ਪੌਣ ਅਚਲ ਹੈ
ਸੀਤ ਹੋਈ ਮੇਰੀ ਅੱਗ ਹੈ

ਨਜ਼ਰਾਂ ਵਿਚ ਫੈਲਿਆ ਥਲ ਹੈ
ਮੇਰੇ ਅੰਦਰ ਦਾ ਸੁੱਕਾ ਜਲ ਹੈ

–0–

ਮੇਰੀ ਧਰਤੀ ਟੁਕੜਾ ਟੁਕੜਾ
ਮੇਰੀ ਚੇਤਨਾ ਪਥਰਾ ਗਈ
ਮੇਰਾ ਵਜੂਦ ਮੇਰਾ ਸੱਚ ਖਾ ਗਈ
ਮੈਂ ਸੁੱਕੀ ਨਦੀ ਬੱਦਲ ਤਹਿਰਾਈ
ਕਦ ਦੀ ਖੜੀ ਹਾਂ ਮੌਤ ਦੇ ਬੂਹੇ
ਮੌਤ ਨੇ ਵੀ ਝਾਤ ਨਾ ਪਾਈ
ਮੇਰਾ ਜੀਵਨ ਔੜਾਂ ਭਰਿਆ
ਕੋਲੇ ਕੋਲੇ ਪਿੰਜਰ ਹੋਇਆ

–0–

ਮੇਰੀਆਂ ਅੱਖੀਆਂ ਚੋਂ
ਅੱਥਰੂ ਸੁੱਕ ਗਏ
ਬੁੱਲ੍ਹਾਂ ਵਿਚੋਂ ਹਾਸੇ ਮੁੱਕ ਗਏ
ਬੁੱਝ ਗਿਆ ਮੱਥੇ ਦਾ ਦੀਵਾ
ਸ਼ਮਸ਼ਾਨ ਹੋ ਗਿਆ ਦਿਲ ਦਾ ਵਿਹੜਾ
ਨਾ ਮੈਂ ਕਿਸੇ ਵੀ ਨਜ਼ਰ 'ਚ ਤਰਦੀ
ਨਾ ਨਜ਼ਰਾਂ ਦੀ ਮੰਜ਼ਿਲ ਬਣਦੀ
ਕੋਈ ਅੱਖ ਨਾ ਮੇਰੇ ਲਈ ਰੋਈ
ਨਾ ਮੇਰੇ ਗ਼ਮ ਦੀ ਸਾਥਣ ਹੋਈ
ਮੇਰੇ ਚੋਂ ਨਜ਼ਰਾਂ ਬਨਵਾਸੀ ਹੋਈਆਂ
ਮੈਨੂੰ ਕੰਡ ਦੇ ਖਲੋਈਆਂ

ਨਾ ਨਜ਼ਰਾਂ
ਮੇਰਾ ਵਜ਼ੂਦ ਸਿਰਜਿਆ
ਨਾ ਨਜ਼ਰਾਂ ਮੈਨੂੰ ਮਸਤਕ 'ਚ
ਬਿਠਾਇਆ
ਨਾ ਕੋਈ ਬਾਤ ਪਾਈ ਮੇਰੇ ਸੰਗ
ਨਾ ਕਦਮਾਂ ਸੰਗ ਲਾਇਆ
ਨਜ਼ਰਾਂ ਦਾ ਪੰਛੀ ਨਾ
ਕਦੀ ਬਨੇਰੇ ਮੇਰੇ ਆਇਆ
ਮੇਰੀ ਹੋਂਦ ਭੁਲਾਈ ਨਜ਼ਰਾਂ
ਜਿਉਂਦੀ ਮਾਰ ਮੁਕਾਈ ਨਜ਼ਰਾਂ

-0-

ਦਿਲ ਦੇ ਜ਼ਖ਼ਮਾਂ ਨੂੰ
ਮੈਂ ਹੰਝੂਆਂ ਦੇ ਸੰਗ ਧੋਇਆ
ਨਾ ਨਜ਼ਰਾਂ ਮੇਰਾ ਰੂਪ ਪਛਾਤਾ
ਨਾ ਮੇਰੀ ਦੇਹ ਹੰਢਾਵਣ
ਨਾ ਹੀ ਮੇਰੀ ਦੇਹ ਵਿਚ ਉਤਰਨ
ਨਾ ਪੈਰ ਮੇਰੇ ਤੇ ਪਾਵਣ
ਨਜ਼ਰਾਂ ਉੱਗੀਆਂ ਮੇਰੇ ਆਸੇ ਪਾਸੇ
ਬਣ ਸਹਿਰਾ ਸੂਲਾਂ ਕੰਡੇ
ਨਾ ਕੋਈ ਅਸਮਾਨੀ ਬੱਦਲੀ
ਜਿਸਮ ਹੀ ਮੇਰਾ ਸਿੰਜੇ

-0-

ਬੱਦਲੀਆਂ ਨਜ਼ਰਾਂ ਦੀਆਂ
ਕਦੀ ਨਾ ਮੇਰੇ ਵਿਹੜੇ ਫੇਰਾ ਪਾਵਣ

ਕਦੀ ਨਾ ਮੇਰੀ ਦੇਹ ਤੇ ਬਰਸਣ
ਸਿਰ ਤੋਂ ਹੀ ਲੰਘ ਜਾਵਣ
ਰੰਜਸ਼ਾਂ ਦੇ ਕਈ ਜੰਗਲ
ਮੇਰੇ ਨੈਣੀਂ ਧਰ ਜਾਵਣ
ਇਨ੍ਹਾਂ ਨਜ਼ਰਾਂ ਦੀ ਖਾਤਰ
ਮੈਂ ਆਪਣੇ ਸਾਹ ਅਟਕਾਏ
ਦਮ ਨਿਕਲਣ ਤੋਂ ਪਹਿਲਾਂ
ਕੋਈ ਨਜ਼ਰ ਤਾਂ
ਮੇਰੀ ਗਲੀਏ ਆਏ
ਮੈਂ ਪਗਡੰਡੀ ਰਾਹ ਮੰਜ਼ਿਲ ਹਾਂ
ਮੈਨੂੰ ਆਣ ਸੁਣਾਏ
ਲੱਗਦੈ ਜਿਉਂਦੇ ਜੀਅ ਮੇਰੇ ਸੰਗ
ਇਹ ਨਹੀਂ ਹੋ ਸਕਣਾ
ਮੈਂ ਪਗਡੰਡੀ ਬਦਨਸੀਬਣ
ਜਿਉਂ ਜਨਮੀ ਤਿਉਂ ਮਰਨਾ

-0-

ਕਿਸੇ ਪੈਰ ਵੀ ਦੇਹ ਮੇਰੀ ਨੂੰ
ਆਪਣਾ ਨਾਹੀ ਜਾਤਾ
ਨਾ ਕਿਸੇ ਮੇਰੀ ਪਿਆਸ ਸਿਆਣੀ
ਨਾ ਭੁੱਖ ਨੂੰ ਹੀ ਪਛਾਤਾ
ਕੋਈ ਤਾਂ ਪੈਰ ਛੂਹੇ ਦੇਹ ਮੇਰੀ
ਰੋਜ਼ ਕਰਾਂ ਅਰਜ਼ੋਈਆਂ
ਪੈਰਾਂ ਦਾ ਇੰਤਜ਼ਾਰ ਕਰਦਿਆਂ

ਹਸਰਤਾਂ ਮੇਰੀਆਂ ਮੋਈਆਂ
ਟੋਹ ਟੋਹ ਧਰਤੀ ਅੰਨ੍ਹੀ ਹੋਈ
ਨਸੀਬ ਨਾ ਮੇਰੇ
ਛੋਹ ਪੈਰਾਂ ਦੀ ਕੋਈ
ਪੈਰਾਂ ਦੀ ਛੋਹ ਬਿਨ
ਮੇਰਾ ਪਿੰਡਾ ਨਿਰੀ ਹੈ ਬੰਜਰ ਧਰਤੀ
ਜਿਸ ਵਿਚ ਜੀਵਨ ਕਦੀ ਨਾ ਉੱਗਿਆ
ਨਾ ਹੀ ਜ਼ਿੰਦਗੀ ਪਲਰੀ

-0-

ਪੈਰਾਂ ਬਿਨਾ ਨਾ ਵਰਤਮਾਨ
ਨਾ ਭਵਿੱਖ ਹੈ ਮੇਰਾ
ਮੈਂ ਜੰਮੀ ਕਿ ਨਾ ਜੰਮੀ
ਕੀ ਜੰਮਣਾ ਮਰਨਾ ਮੇਰਾ
ਆਪਣੀ ਕੁੱਖ ਚੋਂ ਪੈਰ ਉੱਗਾ ਨਾ ਸਕਾਂ
ਤੁਰਦੀ ਮਰਾਂ ਹਨ੍ਹੇਰੇ ਦੇ ਵਿਚ
ਰਵੀ ਚੜ੍ਹਾ ਨਾ ਸਕਾ
ਪੈਰਾਂ ਬਿਨਾਂ
ਮਰਨ ਤੋਂ ਪਿੱਛੋਂ
ਕੋਈ ਨਾਮ ਨਿਸ਼ਾਨ ਨਹੀਂ ਮੇਰਾ
ਕਬਰਾਂ ਵਿਚ ਹੀ ਸ਼ਾਮ ਹੈ ਮੇਰੀ
ਕਬਰਾਂ ਵਿਚ ਸਵੇਰਾ

-0-

ਪੈਰ ਜੋ ਮੇਰੀ ਦੇਹ ਤੇ ਤੁਰਦੇ
ਮੈਂ ਪਗਡੰਡੀ ਰਾਹ ਹੋ ਜਾਂਦੀ

ਰਾਹ ਤੋਂ ਪੈਰਾਂ ਦੇ ਦਮ ਉਤੇ
ਮੰਜ਼ਿਲ ਰੂਪ ਵਟਾਉਂਦੀ
ਮੰਜ਼ਿਲ ਜਿਸ ਵਿਚ ਜੀਵਨ ਹੈ
ਰੌਣਕਾਂ ਅਤੇ ਬਹਾਰਾਂ
ਮੈਂ ਮੰਜ਼ਿਲ ਹੋ
ਆਪਣਾ ਜੀਵਨ ਖ਼ੁਸ਼ੀਆਂ ਵਿਚ
ਗੁਜ਼ਾਰਾਂ
ਮੰਜ਼ਿਲ ਹੋ
ਚੁੱਪ ਉਦਾਸੀਆਂ ਉਜਾੜਾਂ ਤੋਂ ਛੁਟ ਜਾਵਾਂ

-0-

ਮੰਜ਼ਿਲ ਹੋ
ਰਾਹ ਨਜ਼ਰ ਤੇ ਰਾਹੀਆਂ ਦੇ
ਦਿਲ ਵਿਚ ਉਤਰ ਜਾਵਾਂ
ਘੁੱਟ ਭਰਾਂ ਜੀਵਨ ਨਦੀ ਚੋਂ
ਦਰਿਆ ਦੀ ਚਾਹ ਕਹਾਵਾਂ
ਇਕ ਵਾਰੀ ਮੰਜ਼ਿਲ ਹੋ ਕੇ
ਫਿਰ ਭਾਵੇਂ ਮਰ ਜਾਵਾਂ

-0-

ਪੈਰਾਂ ਦੀ ਨਜ਼ਰ 'ਚ
ਮੇਰੀ ਕੋਈ ਥਾਂ ਨਹੀਂ ਹੈ
ਮੈਂ ਪਗਡੰਡੀ ਮੇਰੇ ਪਿੰਡੇ ਚੋਂ
ਜਨਮਦਾ ਕੋਈ ਗਿਰਾ ਨਹੀਂ ਹੈ
ਮੇਰੀ ਦੇਹ ਤੇ ਤੁਰਨਾ
ਪੈਰਾਂ ਦਾ ਧਰਮ ਤਾਂ ਹੈ

ਪੈਰਾਂ ਦੀ ਸੋਚ 'ਚ
ਮੰਜ਼ਿਲ ਦਾ ਸੰਕਲਪ ਤਾਂ ਹੈ
ਪਰ ਪੈਰਾਂ ਨੂੰ
ਮੇਰੀ ਉਜੜੀ ਖੰਡਰ ਦੇਹ ਦਾ
ਸਾਥ ਕਬੂਲ ਨਹੀਂ
ਮੈਂ ਪੈਰਾਂ ਦੇ ਪੈਰਾਂ ਵਿਚ ਵਿੱਛੀ
ਪੈਰਾਂ ਦੀ ਨਜ਼ਰ ਹਜ਼ੂਰ ਨਹੀਂ
ਮੇਰੀ ਚੁੱਪ ਉਦਾਸੀ ਪੱਤਝੜ
ਜਦ ਪੈਰਾਂ ਨੇ ਸੁੰਘੀ
ਮੇਰੀ ਚਾਹਤ ਪੈਰਾਂ ਦੀ ਗਈ
ਸੂਲੀ ਤੇ ਟੰਗੀ

-0-

ਮੈਂ ਪਗ-ਡੰਡੀ ਰਾਹ ਬਣੀ
ਨਾ ਪੈਰਾਂ ਦੀ ਚਾਹਤ
ਪਗ-ਡੰਡੀ ਦੀ ਜੂਨ ਹੰਢਾਉਂਦੀ ਮੋਈ
ਕਿਸੇ ਰਾਹੀਂ ਦ੍ਰਾ ਸਫ਼ਰ ਨਾ ਹੋਈ
ਰਾਹ ਹੁੰਦੀ ਤਾਂ ਛੋਹ ਪੈਰਾਂ ਦੀ
ਮੰਜ਼ਿਲ ਤਕ ਲੈ ਜਾਂਦੀ
ਮੇਰੀ ਮੁਰਦਾ ਦੇਹ
ਜੀਵਨ ਰੂਪ ਵਟਾਉਂਦੀ
ਬਾਂਜ ਕੁੱਖ 'ਚ ਮੋਏ ਚਾਅ
ਜੰਮ ਸਕੀ ਨਾ ਕੁੱਖ ਚੋਂ ਰਾਹ

ਤਨਹਾਈ ਤੇ ਚੁੱਪ ਦੁਆਲੇ ਮੇਰੇ
ਉਜਾੜਾਂ ਤੇ ਖੰਡਰ ਬਣੇ ਹਵਾਲੇ ਮੇਰੇ

-0-

ਅਗਤੀਆਂ
ਮੇਰੀ ਦੇਹ ਚੋਂ ਉੱਗੀਆਂ
ਪੱਤਝੜ ਮੇਰੇ ਵਿਹੜੇ
ਮੇਰੇ ਅੰਦਰ ਨਾ ਚੰਨ ਸੂਰਜ
ਨਾ ਹੀ ਕੋਈ ਸਿਤਾਰਾ
ਮੇਰੀ ਦੇਹ ਹੇਠਾਂ
ਧਰਤੀ ਦਾ ਪਿੰਡਾ ਛਾਲਾ ਛਾਲਾ
ਨਾ ਕੋਈ ਰੁੱਖ ਕਿਨਾਰੇ ਮੇਰੇ
ਥੋਹਰਾਂ ਬਸ ਸਹਾਰੇ ਮੇਰੇ
ਧੁੱਧਲ ਘੱਟਾ ਪਹਿਰਾਵਾ ਮੇਰਾ
ਸਾਹ ਘੁੱਟਦੇ ਨਜ਼ਾਰੇ ਮੇਰੇ
ਮੈਂ ਭਰੀਂ ਹਾਂ ਸੰਗ ਹਨ੍ਹੇਰੇ ਖੂਹਾਂ
ਹੋਏ ਉਜਾੜਾਂ ਮੇਰੇ ਬੇਲੇ ਜੂਹਾਂ
ਰਾਹ ਬਣਾ ਤਾਂ ਮੈਂ ਪੁੰਗਰਾਂ
ਨਹੀਂ ਤਾਂ ਹਰ ਪਲ ਪਈ ਸੁੰਘੜਾ

-0-

ਰਾਹ ਹੀ
ਮੇਰੀ ਹੋਂਦ ਦਾ ਸੱਚ ਹੈ
ਰਾਹ ਹੀ ਮੇਰੀ ਜਾਨ
ਰਾਹ ਦਾ ਰੂਪ ਵਟਾਵਾਂ ਜੇ ਮੈਂ
ਤਾਂ ਹੀ ਜੀਵਾਂ ਵਿਚ ਜਹਾਨ

ਨਹੀਂ ਤਾਂ ਨਿਰੀ ਲਾਸ਼ ਹਾਂ ਮੈਂ
ਸੁਗੰਧ ਨਹੀਂ ਬਾਸ ਹਾਂ ਮੈਂ
ਦੁੱਖਾਂ ਦੀ ਸੁਗਾਤ ਹਾਂ ਮੈਂ
ਆਪਣੇ ਆਪ 'ਚ ਮੋਇਆ
ਇਕ ਵਿਸ਼ਵਾਸ ਹਾਂ ਮੈਂ
ਜੀਵਨ ਤੋਂ ਮੈਂ ਦੂਰ ਬੜੀ ਹਾਂ
ਜਿਉਂਦੀ ਮੌਤ ਦੇ ਪਾਸ ਹਾਂ ਮੈਂ
ਜੀਵਨ
ਰਾਹ ਉੱਤੇ ਪੈਰਾਂ ਦੇ ਨਿਸ਼ਾਨ
ਹੈ ਲਾਉਂਦਾ
ਪਗ-ਡੰਡੀ ਦੀ ਮੁਰਦਾ ਦੇਹ ਨੂੰ
ਹੈ ਕੋਈ ਕੌਣ ਹੰਢਾਉਂਦਾ

-0-

ਰਾਹ
ਮੁਸਾਫਿਰ ਤੋਂ ਮੰਜ਼ਿਲ ਤਕ
ਵਿੱਛਿਆ ਹੁੰਦੈ
ਮੁਸਾਫਿਰ ਨੂੰ ਜੋ ਮੰਜ਼ਿਲ ਤਕ
ਲੈ ਜਾਂਦਾ ਹੈ
ਮੰਜ਼ਿਲ ਤੇ ਅੱਪੜਿਆ ਰਾਹ
ਰਾਹ ਨਹੀਂ ਰਹਿੰਦਾ
ਮੰਜ਼ਿਲ ਹੋ ਜਾਂਦਾ ਹੈ
ਮੰਜ਼ਿਲ ਤੇ ਮੁਸਾਫਿਰ
ਜੀਵਨ ਜੋਤ ਜਗਾਉਂਦਾ ਹੈ
ਰਾਹ ਮੰਜ਼ਿਲ ਤੇ ਮੁਸਾਫਿਰ

ਏਕ ਰੂਪ ਹੋ ਜਾਂਦਾ ਹੈ
ਜੀਵਨ ਸੱਚ ਕਹਾਂਦਾ ਹੈ

-0-

ਮੈਂ ਪਗ-ਡੰਡੀ ਜੇ ਰਾਹ ਹੋਵਾਂ
ਮੰਜ਼ਿਲ ਤੇ ਮੁਸਾਫਿਰ ਦਾ
ਰੂਪ ਵਟਾਵਾਂ
ਰਾਹ ਹੋਵਣ ਲਈ ਲਾਜ਼ਮ ਹੈ
ਕੋਈ ਮੁਸਾਫਿਰ ਪੈਰ ਮੇਰੇ ਤੇ ਪਾਵੇ
ਪਗ-ਡੰਡੀ ਤੋਂ ਦੇਹ ਮੇਰੀ
ਰਾਹ ਦੀ ਦੇਹ ਹੋ ਜਾਵੇ
ਮੰਜ਼ਿਲ ਤੇ ਮੁਸਾਫਿਰ
ਮੇਰੀ ਰੂਹ ਵਿਚ ਉਤਰ ਜਾਵੇ
ਮੇਰੀ ਸ਼ੋਭਾ ਜੀਂਦੇ ਜੀਅ ਬਣ ਆਵੇ

-0-

ਪਰ ਮੇਰੇ ਕਰਮਾਂ ਵਿਚ
ਲਿਖਿਆ ਨਹੀਂ ਰਾਹ ਹੋਣਾ
ਆਪਣੇ ਜ਼ਖਮਾਂ ਨੂੰ ਹੈ
ਆਪਣੇ ਲਹੂ ਨਾਲ ਧੋਣਾ
ਜੇ ਕਿਸੇ ਮੁਸਾਫਿਰ ਦੀ ਸੋਚ
ਵਿਚ ਆਵਾਂ
ਨਜ਼ਰਾਂ ਪੈਰਾਂ ਰਾਹਾਂ ਦੀ ਹੋ ਜਾਵਾਂ
ਨਾ ਮੈਂ ਜਗਾ ਮੁਸਾਫਿਰ ਮੱਥੇ
ਨਾ ਕਦਮਾਂ ਵਿਚ ਥਾਂ
ਮੈਂ ਨਿਮਾਣੀ ਆਪਣੇ ਆਪ 'ਚ
ਇਕੱਲ ਦੀ ਜੂਨ ਹੰਢਾਅ

-0-

ਕੋਈ ਵੀ ਮੁਸਾਫਿਰ
ਮੇਰੀ ਦੇਹ ਦੇ ਮਿੱਟੀ ਘੱਟੇ ਵਿਚ
ਨਾ ਤੁਰਨਾ ਚਾਹੇ
ਨਾ ਹੀ ਮੇਰੀ ਚੁੱਪ ਉਦਾਸੀ
ਆਪਣੀ ਦੇਹ ਹੰਢਾਏ
ਕੌਣ ਗੁਲਜ਼ਾਰਾਂ ਨੂੰ ਛੱਡ ਕੇ
ਉਜਾੜਾਂ ਗਲ ਨਾਲ ਲਾਏ

-0-

ਕੌਣ ਕੋਈ ਆਪਣੇ ਵਸਣ ਲਈ
ਰੇਤ ਦਾ ਘਰ ਬਣਾਏ
ਕੌਣ ਕੋਈ
ਰੌਣਕਾਂ ਰੰਗ ਖੁਸ਼ਬੂਆਂ ਛੱਡ ਕੇ
ਕਬਰਾਂ ਵਿਚ ਵਸਣਾ ਚਾਹੇ
ਕੌਣ ਕੋਈ ਸੁੱਕੇ ਖੂਹ ਚੋਂ
ਆਪਣੀ ਪਿਆਸ ਬੁਝਾਏ
ਕਿਉਂ ਕੋਈ ਪੰਛੀ ਜੰਗਲ ਛੱਡ ਕੇ
ਸਹਿਰਾ ਵਿਚ ਵਸ ਜਾਏ

-0-

ਮੇਰਾ ਰੰਗ ਰੂਪ ਤੇ ਸੂਰਤ
ਦੁਨੀਆਂ ਨਹੀਂ ਸਵੀਕਾਰੀ
ਮੇਰੀ ਦੇਹ ਤੇ ਪੈਰ ਧਰਨ ਦੀ
ਕਿਸੇ ਨਾ ਗੱਲ ਵਿਚਾਰੀ
ਮੈਂ ਸਾਗਰ ਦੇ ਕਿਨਾਰੇ

ਪਿਆਸੀ ਮਰੀ ਵਿਚਾਰੀ
ਮੌਸਮ ਰੁੱਤਾਂ ਆਈਆਂ ਗਈਆਂ
ਕਿਸੇ ਨਾ
ਮੇਰੇ ਵਿਹੜੇ ਫੇਰੀ ਮਾਰੀ
ਕਿਸੇ ਮੁਸਾਫਿਰ ਦੇ ਮੱਥੇ ਨਾ ਉੱਗੀ
ਮੈਂ ਕਰਮਾਂ ਦੀ ਮਾਰੀ

-0-

ਮੇਰਾ ਕੋਈ ਨਹੀਂ ਮੇਰੇ ਬਾਝੋਂ
ਓਪਰੀ ਦੁਨੀਆਂ ਸਾਰੀ
ਪੁੱਛਾਂ ਮੈਂ
ਆਪਣੀ ਜਣਨੀ ਨੂੰ
ਕਿਉਂ ਤੂੰ ਮੈਨੂੰ ਜਣਿਆ
ਲੈਣੀ ਨਹੀਂ ਸੀ ਸਾਰ ਕਿਸੇ ਜੇ
ਕਿਉਂ ਧਰਤੀ ਤੇ ਘਲਿਆ
ਮੇਰੇ ਤੋਂ ਅੱਖਾਂ ਫੇਰ ਮੁਸਾਫਿਰ
ਹੋ ਜਾਂਦੇ ਨੇ ਪਾਸੇ
ਮੈਨੂੰ ਹੰਝੂ ਦੇ ਜਾਂਦੇ ਨੇ
ਕਰਦੇ ਜ਼ਖਮੀ ਹਾਸੇ

-0-

ਛੱਡ ਕੇ ਭਰੀ ਭਰਾਈ ਦੁਨੀਆਂ
ਮੈਂ ਕਿੱਥੇ ਤੁਰ ਜਾਵਾਂ
ਉੱਗਾਂ ਕਿਸੇ ਮੁਸਾਫਿਰ ਮੱਥੇ
ਨਹੀਂ ਤਾਂ ਮੈਂ ਮਰ ਜਾਵਾਂ

ਆਪਣੇ ਆਪ 'ਚ ਕੁੜਦੀ ਝੁਰਦੀ
ਪਲ ਪਲ ਪਿੱਛੋਂ ਮਰਦੀ
ਆਪਣੀ ਚੁੱਪ 'ਚ ਡੁੱਬੀ ਪਗ-ਡੰਡੀ
ਇਕੱਲ ਉਜਾੜਾਂ ਤਰਦੀ
ਪਰ ਪਗ-ਡੰਡੀ ਲਈ
ਕੋਈ ਨਜ਼ਰ ਨਹੀਂ
ਕੋਈ ਪੈਰ ਨਹੀਂ
ਕੋਈ ਨਹੀਂ ਮੁਸਾਫਿਰ
ਜਿਸ ਮੱਥੇ ਜਗ ਪੈਂਦੀ
ਮੈਂ ਪਗ-ਡੰਡੀ
ਆਪਣੀ ਹੋਂਦ ਤੇ ਹੋਂਦ ਦਾ ਸੱਚ
ਹੰਢਾਉਂਦੀ

-----

## ਮੰਜ਼ਿਲ

ਮੰਜ਼ਿਲ
ਆਪਣਾ ਸੱਖਣਾਪਣ ਭਰਨ ਲਈ
ਕਮਰੇ ਦੀ ਬੁੱਕਲ ਉਤਾਰਦੀ ਹੈ
ਆਪਣੇ ਆਪ ਤੇ ਪੈਰ ਟਿਕਾ ਕੇ
ਆਪਣਾ ਸੱਚ ਭਾਲਦੀ ਹੈ

------

# ਮੰਜ਼ਿਲ ਆਪਣੀ ਤਲਾਸ਼ 'ਚ

ਮੈਂ
ਉਹ ਮੰਜ਼ਿਲ ਹਾਂ
ਜਿਸ ਤੇ ਕੋਈ ਅੱਪੜਿਆ ਨਹੀਂ
ਜਿਸ ਨੇ ਰੌਣਕ ਵੇਖੀ ਨਹੀਂ
ਜਿਸ ਨੇ ਰੰਗ ਹੰਢਾਏ ਨਹੀਂ
ਜਿਸ ਵਿਚ ਨਾ
ਕੋਈ ਰਾਹ ਸਮਾਇਆ
ਨਾ ਹੀ ਕੋਈ ਮੁਸਾਫਿਰ ਆਇਆ

-0-

ਇਕੱਲੀ ਚੁੱਪ
ਉਦਾਸ ਹੈ ਮੰਜ਼ਿਲ
ਦੁੱਖ ਹੀ ਦੁੱਖ ਬਸ ਪਾਸ ਹੈ ਮੰਜ਼ਿਲ
ਚੁੱਪ ਸੋਗ ਵਿਚ ਡੁੱਬੀ ਹੋਈ
ਸੋਚਾਂ ਦੇ ਵਿਚ ਖੁਭੀ ਹੋਈ
ਹਾਸਾ ਖੁਸ਼ੀਆਂ ਕੋਲ ਨਹੀਂ ਹਨ
ਕੋਲ ਕੋਈ ਮਿਠੜੇ ਬੋਲ ਨਹੀਂ ਹਨ
ਨਜ਼ਰਾਂ ਦੇ ਵਿਚ ਸੁੰਨ ਮਸਾਣ ਛਾਈ ਹੈ
ਮੰਜ਼ਿਲ
ਮੰਜ਼ਿਲ ਦੀ ਜੂਨੇ ਨਹੀਂ
ਸਰਾਪ ਦੀ ਜੂਨੇ ਆਈ ਹੈ

-0-

ਦਰਪਣ ਚੋਂ
ਜਦ ਵੀ ਚਿਹਰਾ ਤੱਕਦੀ ਹੈ
ਆਪਣੇ ਆਪ ਨੂੰ
ਕਬਰ ਦੀ ਢੇਰੀ ਲੱਗਦੀ ਹੈ
ਜੜ੍ਹਾਂ ਉਖਾੜਣ ਵਾਲੀ ਹਨ੍ਹੇਰੀ
ਅੱਖੀਆਂ ਦੇ ਵਿਚ ਵਗਦੀ ਹੈ

-0-

ਕਈ ਵਾਰੀ
ਖ਼ੁਦਕੁਸ਼ੀ ਲਈ ਉਤਰੀ
ਪਰ ਮੋਈ ਨਹੀਂ
ਨਜ਼ਰਾਂ ਰਾਹ ਪੈਰ ਮੁਸਾਫਿਰ
ਹੋਈ ਨਹੀਂ
ਇਕੱਲੀ ਆਪਣੀ ਰਾਤ ਗੁਜ਼ਾਰੇ
ਇਕੱਲੀ ਦਿਨ ਲੰਘਾਉਂਦੀ ਹੈ
ਆਪਣੇ ਮਨ ਦੇ ਅੰਨ੍ਹੇ ਖ਼ੂਹ ਵਿਚ
ਮੰਜ਼ਿਲ ਉਤਰ ਜਾਂਦੀ ਹੈ

-0-

ਚਿਹਰੇ ਉੱਤੇ
ਉਪਰੇਪਣ ਦਾ ਜੰਗਲ ਉੱਗ
ਆਉਂਦਾ ਹੈ .
ਮੰਜ਼ਿਲ ਦੇ ਜਜ਼ਬਾਤਾਂ ਤਾਈਂ
ਸਾੜ ਫੂਕ ਮੁਕਾਉਂਦਾ ਹੈ

ਮੰਜ਼ਿਲ ਦੇ ਦਿਲ ਚੋਂ
ਗਹਿਰਾ ਧੂੰਆਂ ਉੱਠਦਾ ਹੈ
ਮੰਜ਼ਿਲ ਸਾਹਵੇਂ ਆਪਣੇ ਹੱਥੀਂ
ਕਬਰ ਮੰਜ਼ਿਲ ਦੀ ਪੁੱਟਦਾ ਹੈ

-0-

ਜੇ ਮੰਜ਼ਿਲ
ਕਿਸੇ ਮੁਸਾਫਿਰ ਦੀ ਨਜ਼ਰ
ਵਿਚ ਆ ਜਾਵੇ
ਸਿਰਜ ਨਜ਼ਰ ਵਿਚ
ਆਪਣਾ ਰਾਹ ਜਾਵੇ
ਕੋਈ ਮੁਸਾਫਿਰ ਮੰਜ਼ਿਲ ਨੂੰ
ਆਪਣਾ ਘਰ ਬਣਾ ਜਾਵੇ
ਆਪਣੇ ਵਿਚਰਨ ਸਦਕਾ ਰਾਹੀ
ਮੰਜ਼ਿਲ ਮੱਥੇ
ਜੀਵਨ ਜੋਤ ਜਗਾ ਜਾਵੇ
ਫਿਰ ਮੰਜ਼ਿਲ
ਮੰਜ਼ਿਲ ਤੋਂ ਮੁਕਤੀ ਪਾ ਜਾਵੇ
ਘਰ ਦਾ ਨਿੱਘ
ਜੀਵਨ ਦਾ ਸੱਚ ਹੰਢਾਅ ਜਾਵੇ

-0-

ਇਹ ਸੁਫ਼ਨਾ ਲੈਂਦੀ ਮੰਜ਼ਿਲ ਨੂੰ
ਸਦੀਆਂ ਬੀਤ ਗਈਆਂ

ਨਜ਼ਰਾਂ ਰਾਹ ਪੈਰ ਮੁਸਾਫਿਰ
ਵਾਲੀਆਂ ਹਸਰਤਾਂ ਹੋ ਸੀਤ ਗਈਆਂ
ਝੁਲਸੇ ਚਾਅ ਤੇ ਉਜੜੇ ਹਾਸੇ
ਸੁਫ਼ਨੇ ਅੱਥਰੂ ਬਣ ਗਏ
ਮੰਜ਼ਿਲ ਦੀ ਦੇਹ ਨੂੰ ਘੁਣ
ਚੁੱਪ ਉਦਾਸੀ ਤੇ ਇਕੱਲਤਾ
ਦੇ ਲੱਗ ਗਏ

-0-

ਮੁਸਾਫਿਰ ਭਾਲਦੀ ਭਾਲਦੀ
ਮੰਜ਼ਿਲ ਦੀਆਂ ਨਜ਼ਰਾਂ ਪੱਥਰ ਹੋਈਆਂ
ਪੈਰਾਂ ਦੇ ਵਿਚ ਪੈ ਗਏ ਛਾਲੇ
ਅੱਖਾਂ ਡੁੱਸ ਡੁੱਸ ਰੋਈਆਂ
ਚੋਇਆ ਅੰਬਰ
ਤੇ ਫ਼ਟ ਗਈ ਧਰਤੀ
ਪੌਣਾਂ ਰੁੱਕ ਖਲੋਈਆਂ
ਸਿਰ ਦਾ ਸੂਰਜ ਠੰਡਾ ਹੋਇਆ
ਕਿਰਨ੍ਹਾਂ ਮੋਈਆਂ ਮੋਈਆਂ
ਪਰ ਨਾ ਝਲਕ ਮੁਸਾਫਿਰ ਦੀ ਡਿੱਠੀ
ਨਾ ਤੱਕਿਆ ਕੋਈ ਸਾਇਆ
ਪਾਗਲਾਂ ਤੇ ਦੀਵਾਨਿਆਂ ਵਾਲਾ
ਮੰਜ਼ਿਲ ਹਾਲ ਬਣਾਇਆ

-0-

ਢਲ ਗਈਆਂ ਤ੍ਰਕਾਲਾਂ ਸਿਰ ਤੇ
ਫੜਦੀ ਰਹਿ ਗਈ ਕਿਰਨਾਂ
ਚਾਨਣ ਦੀ ਥਾਂ ਘੁੱਪ ਹਨ੍ਹੇਰਾ
ਮੰਜ਼ਿਲ ਹਿੱਸੇ ਆਇਆ
ਗੁਆਚੀ ਵਿਚ ਹਨ੍ਹੇਰੇ ਐਸੀ
ਨਾ ਕੋਈ ਰਾਹ ਮੁਸਾਫਿਰ ਮੰਜ਼ਿਲ
ਨਜ਼ਰ ਥਿਆਇਆ

-0-

ਮੁਸਾਫਿਰ ਭਾਲਦੀ
ਆਪਣੇ ਆਪ 'ਚ ਮੰਜ਼ਿਲ
ਆਪ ਗੁਆਚੀ
ਥਲ ਹੋਈ ਤੇ ਮਰਦੀ ਮਰ ਗਈ
ਮੁਸਾਫਿਰ ਬੂੰਦ ਪਿਆਸੀ
ਰਹਿ ਗਈ ਮੰਜ਼ਿਲ ਦੇ ਪੱਲੇ
ਆਪਣੀ ਭਾਲ ਉਦਾਸੀ
ਮੰਜ਼ਿਲ ਨੂੰ ਕੋਈ ਮੁਸਾਫਿਰ
ਨਾ ਦਿੱਸਿਆ
ਮੁਸਾਫਿਰ ਨੂੰ ਦਿੱਸੀ ਨਾ ਮੰਜ਼ਿਲ
ਨਾ ਹੀ ਰੱਬ ਮੰਦਰ ਦੇ ਅੰਦਰ
ਨਾ ਰੱਬ ਅੰਦਰ ਮੰਦਰ

-0-

ਤੱਕਿਆ ਮੰਜ਼ਿਲ ਨੇ ਜਦ ਆਪਾ
ਪੈਰਾਂ ਦੇ ਗ਼ਮ ਵਿਚ ਡੁੱਬੀ
ਸੁਣਨ ਲਈ ਪੈਰਾਂ ਦੀ ਆਹਟ
ਚਿੰਣਗ ਦੇਹੀ ਚੋਂ ਫੁੱਟੀ
ਪੈਰਾਂ ਦਾ ਵਜ਼ੂਦ
ਮੰਜ਼ਿਲ ਦੀਆਂ ਨਜ਼ਰਾਂ ਵਿਚ
ਸਮਾਇਆ
ਪੈਰਾਂ ਦੀ ਆਹਟ ਵਿਚ
ਮੰਜ਼ਿਲ ਨੂੰ
ਆਪਣਾ ਸੱਚ ਨਜ਼ਰੀਂ ਆਇਆ
ਤੱਕਿਆ ਮੰਜ਼ਿਲ
ਹਰ ਮੰਜ਼ਿਲ ਵਿਚ
ਪੈਰਾਂ ਦਾ ਹਜ਼ੂਮ ਸਮਾਇਆ
ਹਰ ਪੈਰ ਦੇ ਵਜ਼ੂਦ 'ਚ
ਮੰਜ਼ਿਲ ਦਾ ਚਿਹਰਾ ਨਜ਼ਰੀਂ
ਆਇਆ

-0-

ਕੋਈ ਪੈਰ ਨਹੀਂ ਸੀ ਐਸਾ
ਜਿਸ ਵਿਚ ਮੰਜ਼ਿਲ ਨਹੀਂ ਸੀ ਵਸਦੀ
ਕੋਈ ਮੰਜ਼ਿਲ ਨਹੀਂ ਸੀ ਐਸੀ
ਜਿਸ ਵਿਚ ਪੈਰਾਂ ਦੀ ਦੁਨੀਆਂ
ਨਹੀਂ ਸੀ ਹੱਸਦੀ

-0-

ਕੋਈ ਵੀ ਥਾਂ ਖ਼ਾਲੀ ਨਹੀਂ ਸੀ
ਜਿਸ ਵਿਚ ਮੰਜ਼ਿਲ ਆਪਾ ਧਰਦੀ
ਐਸੀ ਦੋ-ਚਿੱਤੀ ਵਿਚ ਮੰਜ਼ਿਲ
ਨਾ ਜਿਉਂਦੀ ਨਾ ਮਰਦੀ
ਆਪਣੇ ਤੋਂ ਉਪਰਾਮ ਹੋਈ
ਆਪਣੇ ਆਪ 'ਚ ਪਰਤੀ
ਬਿਨ੍ਹ ਮੁਸਾਫਿਰ ਮੰਜ਼ਿਲ ਦੀ
ਨਾ ਕੋਈ ਹੋਂਦ ਨਾ ਹਸਤੀ

-0-

ਚਿਹਰਿਆਂ ਦੇ ਸਾਗਰ ਵਿਚ ਉਤਰੀ
ਤੱਕਦੀ ਚਿਹਰਾ ਚਿਹਰਾ
ਹਰ ਚਿਹਰੇ ਦੇ ਮਸਤਕ ਵਿਚ ਸੀ
ਮੰਜ਼ਿਲ ਦਾ ਡੇਰਾ
ਹਰ ਮੰਜ਼ਿਲ ਦੇ ਪਿੰਡੇ ਚੋਂ
ਚਿਹਰਾ ਨਜ਼ਰੀ ਆਇਆ
ਆਪਣਾ ਸੱਚ ਡਿੱਠਾ ਮੰਜ਼ਲ ਨੇ
ਜਗਤ ਦੇ ਵਿਚ ਸਮਾਇਆ
ਹਰ ਇਕ ਚਿਹਰਾ ਦੇਹ ਲੱਗਦੀ ਸੀ
ਹਰ ਇਕ ਮੰਜ਼ਿਲ ਸਾਇਆ
ਨਦੀਆਂ ਜਲ ਸੰਗ ਭਰੀਆਂ
ਦਰਿਆ ਕੰਢਿਆਂ ਤੀਕਣ

ਬੱਦਲ ਭਰੇ ਸੰਗ ਪਾਣੀ
ਕਣੀਆਂ ਬੱਦਲ ਤੀਕਣ
ਧਰਤੀ ਦੇ ਜ਼ਰੇ ਜ਼ਰੇ ਵਿਚ
ਕੁੱਝ ਨਾ ਕੁੱਝ ਸਮਾਇਆ
ਸਾਰੀ ਧਰਤੀ ਘੁੰਮੀ ਮੰਜ਼ਿਲ
ਕੋਈ ਖ਼ਾਲੀ ਥਾਂ ਨਜ਼ਰ ਨਾ ਆਇਆ
ਜਿਸ ਵਿਚ ਆਪਾ ਹੀ ਧਰ ਸਕਦੀ
ਜਾਂ
ਆਪਣਾ ਆਪਾ ਹੀ ਭਰ ਸਕਦੀ
ਥੱਕ ਹਾਰ ਕੇ
ਆਪਣੇ ਆਪ 'ਚ ਧਰਤੀ
ਭਰਿਆ ਭਰਿਆ ਅੰਬਰ ਡਿੱਠਾ
ਭਰੀ ਭਰਾਈ ਧਰਤੀ

–0–

ਚਿਹਰਿਆਂ ਵਿਚੋਂ ਮਨਫ਼ੀ
ਹੋ ਗਈ
ਆਪਣੇ ਆਪ ਚੋਂ ਚੋਅ ਗਈ
ਆਪਣੀ ਚੁੱਪ ਉਜਾੜ ਇਕੱਲਤਾ ਦੇ।
ਮੰਜ਼ਿਲ ਬਸ ਹੋ ਗਈ
ਬਿਨਾਂ ਮੁਸਾਫਿਰ ਕਲਰੀ ਮਿੱਟੀ ਦੀ
ਮੰਜ਼ਿਲ ਜੂਨ ਹੰਢਾਉਂਦੀ
ਆਪਣੇ ਹੰਝੂਆਂ ਦੇ ਵਿਚ ਤਰਦੀ

ਤਰਦੀ ਤੇ ਡੁੱਬ ਜਾਂਦੀ
ਨਜ਼ਰ ਰਾਹ ਨਾ ਪੈਰ ਮੁਸਾਫਿਰ
ਮੰਜ਼ਿਲ ਨੂੰ ਨਜ਼ਰੀਂ ਆਇਆ
ਮੰਜ਼ਿਲ
ਮੰਜ਼ਿਲ ਤੋਂ ਮੰਜ਼ਿਲ ਤਕ ਦਾ ਪੈਂਡਾ
ਆਪਣੇ ਆਪ ਮੁਕਾਇਆ
ਆਪਣੇ ਆਪ 'ਚ ਚੁੱਪ ਕਰਕੇ ਬਹਿ ਗਈ
ਢੋਅ ਕੇ ਸਭ ਦਰਵਾਜ਼ੇ
ਹਨ੍ਹੇਰੇ ਜਿਉਂਦੀ ਮੰਜ਼ਿਲ ਦੇ
ਚੁੱਪ ਸੀ ਆਸੇ ਪਾਸੇ

------

## ਮੈਂ

ਮੈਂ ਕਮਰੇ ਵੱਲ ਜਦ ਮੁੜਦਾ ਹਾਂ
ਕਮਰਾ ਮੇਰੇ ਵੱਲ ਝਾਕਦਾ
ਬਣ ਮੇਰੀ ਮਹਿਬੂਬਾ ਮੇਰੇ 'ਚ ਉਤਰਦਾ
ਮੇਰਾ ਖ਼ਾਲੀਪਣ ਭਰਦਾ
ਮੇਰਾ ਆਪਾ
ਕਮਰੇ ਦੇ ਆਪੇ ਵਿਚ ਢਲਦਾ
ਮੇਰੀਆਂ ਅੱਖਾਂ ਚੋਂ ਕਮਰਾ
ਮੇਰੀ ਇਕੱਲਤਾ ਦਾ
ਅੱਥਰੂ ਬਣ ਵਗਦਾ
ਮੈ ਕਮਰੇ ਦਾ ਅੰਦਰ ਲੱਗਦਾ
ਕਮਰਾ ਮੇਰਾ ਸੱਚ ਲੱਗਦਾ

------

## ਤਲਾਸ਼ ਤੋਂ ਬਾਅਦ
## ਮੇਰੀ ਕਮਰੇ 'ਚ ਵਾਪਸੀ

ਮੈਂ ਕਮਰੇ ਵਲ
ਜਦ ਮੁੜਦਾ ਹਾਂ
ਕਮਰਾ ਮੇਰੇ ਵਲ ਝਾਕਦਾ
ਕਮਰੇ ਦਾ ਵਜੂਦ
ਮੇਰੇ ਖ਼ਾਲੀਪਣ ਲਈ
ਮੇਰੀ ਮਹਿਬੂਬ ਦਾ ਰੂਪ ਧਾਰਦਾ
ਪਿਆਰ ਵਫ਼ਾ ਦਾ ਸੱਚ
ਮੇਰੇ ਦਿਲ ਵਿਚ ਹੈ ਉਤਾਰਦਾ
ਮੇਰੀ ਭਾਸ਼ਾ ਬੋਲਦਾ
ਮੇਰੇ ਲਹੂ 'ਚ ਆਪਾ ਘੋਲਦਾ

-0-

ਮੇਰੇ ਸਾਹਾਂ ਚੋਂ
ਮਹਿਬੂਬਾ ਦੇ ਸਾਹਾਂ ਦੀ
ਸੁਗੰਧ ਆਉਂਦੀ ਹੈ
ਮਹਿਬੂਬ ਦੀ ਨਜ਼ਰ
ਮੈਨੂੰ ਪਲਕਾਂ ਤੇ ਬਿਠਾਉਂਦੀ ਹੈ
ਯਾਰ ਦੀ ਆਗੋਸ਼ ਦਾ ਨਿੱਘ
ਬੜਾ ਅਲਾਹੀ ਹੈ
ਨਾ ਚੇਤੇ ਹੈ ਆਪਣਾ ਆਪਾ
ਨਾ ਚੇਤੇ ਖੁਦਾਈ ਹੈ
ਮਹਿਬੂਬ ਦੀਆਂ ਅੱਖਾਂ 'ਚ

ਬਸ ਇਕ ਮੇਰਾ ਚਿਹਰਾ ਹੈ
ਮਹਿਬੂਬ ਦਾ ਦਿਲ
ਧੜਕ ਧੜਕ ਕੇ ਦੱਸਦਾ ਹੈ
ਉਸਦੀ ਦੇਹ ਵਿਚ
ਮੇਰੇ ਪ੍ਰਾਣਾਂ ਦਾ ਦੀਵਾ ਜਗਦਾ ਹੈ

-0-

ਇਸ਼ਕ ਦਾ ਇਹ ਅਹਿਸਾਸ
ਮੈਨੂੰ ਐਸੀ ਥਾਂ ਤੇ ਲੈ ਜਾਂਦਾ ਹੈ
ਜਿੱਥੇ ਇਕ ਮਹਿਬੂਬ ਬਿਨਾ
ਸਭ ਕੁੱਝ ਪਿੱਛੇ ਰਹਿ ਜਾਂਦਾ ਹੈ
ਮਹਿਬੂਬ ਦੀ ਬੁੱਕਲੇ
ਆਪਣਾ ਆਪਾ ਖੋਹ ਜਾਂਦਾ ਹਾਂ
ਆਪਣੀ ਹੋਂਦ ਭੁਲਾ ਜਾਂਦਾ ਹਾਂ
ਸੱਜਣਾਂ ਦਾ ਸੱਚ ਹੋ ਜਾਂਦਾ ਹਾਂ

-0-

ਦੀਦਾਰ ਦੀਆਂ ਘੜੀਆਂ ਵਿਚ
ਪ੍ਰਾਣ ਦਾ ਆਉਣਾ ਜਾਣਾ ਵੀ
ਵਿਘਨ ਪਾਉਂਦਾ ਹੈ
ਪ੍ਰਾਣ ਬਿਨਾ ਦੀਦਾਰ ਦੇ ਸਕਦਾ ਹੈ
ਦਿਲ ਜਿਉਣਾ ਚਾਹੁੰਦਾ ਹੈ
ਯਾਰ ਹੀ ਜ਼ਿੰਦਗੀ
ਯਾਰ ਹੀ ਰੱਬ
ਯਾਰ ਹੀ ਜ਼ਹਾਨ ਲੱਗਦਾ ਹੈ

ਦੇਹ ਰਹਿਤ ਆਤਮ ਸੱਚ ਦੇ
ਵੱਸਣ ਦਾ ਥਾਂ ਲੱਗਦਾ ਹੈ
ਯਾਰ ਦੀ ਬੁਕਲ ਦਾ ਵੱਸਣ
ਰੱਬੀ ਗਿਰਾਂ ਲੱਗਦਾ ਹੈ
ਮਿੱਠੜੇ ਬੋਲਾਂ ਦੀ ਝੜੀ
ਮਹਿਬੂਬ ਦੇ ਬੁੱਲ੍ਹਾਂ ਤੋਂ ਲੱਗਦੀ ਹੈ
ਦੇਹ ਮਿਸ਼ਰੀ ਹੋ ਜਾਂਦੀ ਹੈ
ਨੂਰੀ ਜੋਤ ਮੱਥੇ ਜਗਦੀ ਹੈ
ਕਮਰੇ ਦੇ ਵਜ਼ੂਦ 'ਚ
ਇਕ ਸੁੰਦਰ ਦੁਨੀਆਂ ਵਸਦੀ ਹੈ
ਜੋ ਆਪਣੀ ਆਪਣੀ
ਤੇ ਪਿਆਰੀ ਪਿਆਰੀ ਲਗਦੀ ਹੈ

-0-

ਰੂਹ ਇਸ਼ਨਾਨੀ ਜਾਂਦੀ ਹੈ
ਦਿਲ ਦੀ ਕਲੀ ਖਿੜੀ ਲੱਗਦੀ ਹੈ
ਗੋਰੀ ਲੰਬੀ ਗਰਦਨ ਚੋਂ
ਆਉਂਦਾ ਜਾਂਦਾ ਸਾਹ ਦਿੱਸਦਾ ਹੈ
ਅੱਖੀਆਂ ਦੇ ਵਿਚ ਚੰਬਾ
ਖਿੜਿਆ ਖਿੜਿਆ ਲੱਗਦਾ ਹੈ

-0-

ਮੁੱਖ ਤੇ ਸੂਰਜੀ ਕਿਰਨਾਂ
ਜਦ ਪੈਂਦੀਆਂ ਹਨ
ਸੁਰਖ਼ ਰੰਗਾਂ ਦੀਆਂ ਚਿੜੀਆਂ
ਡਾਲੀ ਬਹਿੰਦੀਆਂ ਹਨ

ਸੂਰਜ ਚੜ੍ਹਣ ਦੀ ਲਾਲਗੀ ਦਾ
ਅਹਿਸਾਸ ਹੁੰਦਾ ਹੈ
ਆਗੋਸ਼ ਮੇਰੀ ਵਿਚ ਬੈਠਾ
ਮੇਰਾ ਯਾਰ ਹੁੰਦਾ ਹੈ
ਭੁਲ ਜਾਂਦਾ ਹੈ ਰੱਬ ਵੀ ਉਦੋਂ
ਜਦ ਯਾਰ ਯਾਰਾਂ ਦੇ ਪਾਸ ਹੁੰਦਾ ਹੈ
ਯਾਰ ਪੂਜਣਾ ਯਾਰ ਧਿਆਉਣਾ
ਦਿਲ ਨੂੰ ਇਹ ਵਿਸ਼ਵਾਸ ਹੁੰਦਾ ਹੈ
ਉਂਜ ਤਾਂ ਜ਼ਿੰਦਗੀ ਦਾ ਹਰ ਪਲ
ਵਡਮੁੱਲਾ ਹੈ
ਪਰ ਇਕ ਇਹ ਪਲ ਖਾਸ ਹੁੰਦਾ ਹੈ
ਜਦ ਆਪਣਾ ਆਪ ਵੀ ਕੋਲ ਨਹੀਂ ਹੁੰਦਾ
ਰੱਬ ਦੇ ਰੱਬ ਹੀ ਕੋਲ ਹੁੰਦਾ ਹੈ

–0–

ਦਿਲ ਗੁਲਸ਼ਨ ਦੇ ਵਿਹੜੇ
ਮੌਸਮ ਰੁੱਤਾਂ ਬਹਾਰਾਂ ਦੇ
ਆਉਣ ਦਾ ਅਗਾਜ਼ ਹੁੰਦਾ ਹੈ
ਖੰਡਰਾਂ ਵਿਚ ਆ ਜਾਣ ਰੌਣਕਾਂ
ਜਦ
ਦਿਲ ਵਿਚ ਯਾਰ ਦਾ ਵਾਸ ਹੁੰਦਾ ਹੈ
ਰੂਹ ਨੂੰ ਆਪਣੇ ਆਪੇ ਦਾ ਅਹਿਸਾਸ
ਹੁੰਦਾ ਹੈ

ਸ਼ਬਨਮ ਦੇ ਵਿਚ ਧੋਅ ਕੇ ਮੁਖੜਾ
ਪ੍ਰਕਿਰਤੀ ਨਿਖ਼ਰਦੀ ਹੈ .
ਕੋਇਲ ਦੇ ਕੰਠ ਦਾ ਬ੍ਰਿਹਾ
ਬਣਿਆ ਦਿਲਦਾਰ ਹੁੰਦਾ ਹੈ
ਮੋਰ ਦੇ ਪੈਰੀਂ ਨਾਚ ਹੁੰਦਾ ਹੈ
ਆਇਆ ਰੱਬ ਦੁਆਰ ਹੁੰਦਾ ਹੈ

–0–

ਹੋਵੇ ਜਦ ਯਾਰ ਬਾਹਾਂ 'ਚ
ਉਜਾੜਾਂ ਦਾ ਬਦਨ ਬਹਾਰ ਹੁੰਦਾ ਹੈ
ਕਰਦੀਆਂ ਨੇ ਜਦ ਅੱਖਾਂ ਗੱਲਾਂ
ਕੁਦਰਤ ਦਾ ਚਲਦਾ
ਕਾਰੋਬਾਰ ਹੁੰਦਾ ਹੈ
ਖੋਹਲਕੇ ਬਾਹਾਂ ਉੱਡੀਕ ਰਿਹਾ
ਬਹਿਸ਼ਤ ਦਾ ਦੁਆਰ ਹੁੰਦਾ ਹੈ
ਬਾਹਾਂ 'ਚ ਅਹਿਸਾਸ ਯਾਰ ਦਾ
ਬੁੱਕਲੇ ਵਸਿਆ ਸੰਸਾਰ ਹੁੰਦਾ ਹੈ

–0–

ਮੇਰੇ ਚੋਂ ਨੁੱਚਣ ਜਾਂਦੀ ਹੈ
ਚੁੱਪ ਉਦਾਸੀ ਇਕੱਲਤਾ ਮੇਰੀ
ਮੇਰਾ ਰੋਮ ਰੋਮ
ਬਾਗ਼ਮ ਬਾਗ਼ ਹੁੰਦਾ ਹੈ
ਪੈਰਾਂ 'ਚ ਨਿਰਤ ਪੌਣਾਂ ਦਾ
ਕੰਨੀ ਰਾਗ ਮਲਿਹਾਰ ਹੁੰਦਾ ਹੈ

ਸਾਹਾਂ ਦੀ ਵੀ ਲੋੜ ਨਹੀਂ ਹੁੰਦੀ
ਸੱਜਣਾਂ ਦਾ ਜਦ ਸਾਥ ਹੁੰਦਾ ਹੈ
ਨਾ ਦਿਨ ਨਾ ਰਾਤ ਹੁੰਦੀ ਹੈ
ਸਾਫ਼ ਅਰਸ਼ ਤੇ
ਕਾਫ਼ਲਾ ਚੰਨਾਂ ਸੂਰਜਾਂ
ਤਾਰਿਆਂ ਦਾ ਆਬਾਦ ਹੁੰਦਾ ਹੈ
ਬੰਦਾ ਦੁਨੀਆਂ ਦੀ ਹਰ ਮੁਥਾਜ਼ੀ ਤੋਂ
ਆਜ਼ਾਦ ਹੁੰਦਾ ਹੈ
ਰੂਹ ਦੀ ਦੁਨੀਆਂ ਦਿਸਹੱਦਿਆਂ
ਤਕ ਪਸਰੀ ਹੁੰਦੀ ਹੈ
ਬੰਦਾ ਖੁਦ ਹੀ
ਖੁਦ ਦਾ ਸਿਰਜਣਹਾਰ ਹੁੰਦਾ ਹੈ

-0-

ਇਹ ਖੁਸ਼ੀ ਇਹ ਸਰੂਰ
ਇਹ ਹੁਲਾਸ
ਕਮਰੇ ਤੋਂ ਬਿਨ
ਬਾਹਰਲੀ ਦੁਨੀਆਂ ਵਿਚ
ਆਇਆ ਕਦੀ ਨਹੀਂ
ਖ਼ਾਲੀ ਦਿਲ 'ਚ
ਕੋਈ ਸਮਾਇਆ ਕਦੀ ਨਹੀਂ
ਨੈਣਾਂ 'ਚ ਨੈਣਾਂ ਨੂੰ ਪਾ ਕੇ
ਦਿਲ ਨਾਲ਼ ਦਿਲ ਦੀ ਤਾਰ ਮਿਲਾ ਕੇ
ਆਪਣਾ ਕਿਸੇ ਬਣਾਇਆ ਕਦੀ ਨਹੀਂ

ਹਮੇਸ਼ਾ ਚੁੱਪ ਉਦਾਸੀ ਇਕੱਲਤਾ
ਦੁਨੀਆਂ ਮੇਰੀ ਝੋਲੀ ਪਾਈ
ਬੜਾ ਯਤਨ ਕੀਤਾ
ਆਪਣਾ ਬਣਾਉਣ ਦਾ
ਦੁਨੀਆਂ ਰਹੀ ਪਰਾਈ ਦੀ ਪਰਾਈ

-0-

ਦੁਨੀਆਂ ਵਿਚ
ਕਿਸੇ ਯਤਨ ਨਹੀਂ ਕੀਤਾ
ਮੇਰੀ ਚੁੱਪ 'ਚ ਉਤਰਨ ਦਾ
ਮੇਰੇ ਦਿਲ ਨੂੰ ਫੋਲਣ ਦਾ
ਮੈਨੂੰ ਉਜਾੜਾਂ ਵਿਚ
ਗੁਵਾਚੇ ਟੋਲ੍ਹਣ ਦਾ
ਮੇਰੇ ਦਿਲ ਵਿਚ ਸਹਿਰਾ
ਵੀਰਾਨੀਆਂ
ਦੁਨੀਆਂ ਨੇ ਧਰੀਆਂ
ਬੜੀਆਂ ਨੇ ਦਿਲ ਦੀਆਂ ਕਾਲੀਆਂ
ਦੁਨੀਆਂ ਦੀਆਂ
ਇਹ ਗੋਰੀਆਂ ਪਰੀਆਂ

-0-

ਇਕ ਕਮਰੇ ਦੀ ਬੁੱਕਲ ਵਿਚ
ਮੈਂ ਹਾਂ ਮੇਰਾ ਮਹਿਬੂਬ ਹੈ
ਇਹ ਕਮਰਾ ਖ਼ੂਬ ਹੈ

ਸੂਰਜਾਂ ਦਾ ਹਜੂਮ ਹੈ
ਚੰਨਾਂ ਤਾਰਿਆਂ ਦਾ ਰੂਪ ਹੈ
ਮੈਂ ਕਮਰੇ ਦਾ
ਕਮਰਾ ਮੇਰਾ ਸਰੂਪ ਹੈ
ਕਮਰਾ ਮੇਰੇ ਲਹੂ ਦਾ ਰੰਗ ਹੈ
ਕਮਰਾ ਮੇਰਾ ਮਹਿਬੂਬ ਹੈ
ਮੇਰੇ ਆਪਣੇ ਆਪ ਹੋਣ ਦਾ
ਇਹ ਕਮਰਾ ਅਹਿਸਾਸ ਹੈ
ਮੇਰੀ ਦੇਹ ਵਿਚ
ਇਸ ਕਮਰੇ ਦੀ ਰੂਹ ਦਾ
ਵਾਸ ਹੈ

-0-

# ਪਗ-ਡੰਡੀ

ਪਗ-ਡੰਡੀ
ਜਦ ਕਮਰੇ ਵੱਲ ਪਰਤਦੀ ਹੈ
ਤਾਂ ਕਮਰੇ ਦੇ ਪੈਰ
ਸਰਦਲ ਤੇ ਖੜੇ
ਪਗ-ਡੰਡੀ ਨੂੰ
ਆਪਣੇ ਸੰਗ ਤੋਰਦੇ
ਆਪਣੇ 'ਚ ਉਤਾਰਦੇ ਹਨ
ਪਗ-ਡੰਡੀ ਦਾ ਰੂਪ ਧਾਰਦੇ ਹਨ
ਪਗ-ਡੰਡੀ ਚੋਂ ਕਮਰਾ
ਕਮਰੇ ਚੋਂ ਪਗ-ਡੰਡੀ ਨਜ਼ਰੀਂ ਆਉਂਦੀ ਹੈ
ਕਮਰੇ ਦੀ ਆਗੋਸ਼ 'ਚ
ਪਗ-ਡੰਡੀ
ਰਾਹ ਮੰਜ਼ਿਲ ਮੁਸਾਫਿਰ
ਅਖਵਾਉਂਦੀ ਹੈ

------

## ਤਲਾਸ਼ ਤੋਂ ਬਾਅਦ
## ਪਗ–ਡੰਡੀ ਦੀ ਕਮਰੇ 'ਚ ਵਾਪਸੀ

ਪਗ–ਡੰਡੀ
ਜਦ ਕਮਰੇ ਵਲ ਪਰਤਦੀ ਹੈ
ਕਮਰੇ ਦੀ ਨਜ਼ਰ ਦਰਵਾਜ਼ੇ ਲੱਗੀ
ਕਮਰੇ ਦੇ ਪੈਰ ਸਰਦਲ ਤੇ ਖੜੇ
ਪਗ–ਡੰਡੀ ਨੂੰ ਉੱਡੀਕਦੇ
ਆਪਣੇ ਨਾਲ ਤੋਰਦੇ
ਆਪਣੇ ਅੰਦਰ ਉਤਾਰਦੇ

–0–

ਕਮਰੇ ਦੀ ਆਗੋਸ਼ 'ਚ
ਪਗ–ਡੰਡੀ ਨਜ਼ਰ ਰਾਹ ਪੈਰ ਵੀ ਹੈ
ਮੰਜ਼ਿਲ ਵੀ
ਮੁਸਾਫਿਰ ਵੀ ਹੈ
ਆਪਣੀ ਜ਼ਿੰਦਗੀ ਦਾ ਹਾਸਿਲ ਵੀ ਹੈ
ਜਮ੍ਹਾਂ ਵੀ ਹੈ ਜ਼ਰਬ ਵੀ ਹੈ
ਅਰਬ ਵੀ ਹੈ ਖਰਬ ਵੀ ਹੈ

–0–

ਕਮਰੇ ਤੋਂ ਬਾਹਰ ਪਗ–ਡੰਡੀ
ਨਾ ਕਿਸੇ ਦੀ ਨਜ਼ਰ ਹੈ
ਨਾ ਕਿਸੇ ਦੇ ਪੈਰਾਂ ਦੀ ਛੋਹ ਹੈ
ਨਾ ਰਾਹ ਨਾ ਮੰਜ਼ਿਲ ਨਾ ਮੁਸਾਫਿਰ ਹੈ

ਆਪਣੇ ਆਪ 'ਚ
ਖੰਡਰ ਉਜਾੜ ਇਕੱਲਤਾ ਤੇ ਵੀਰਾਨੀ ਹੈ
ਅਕੱਥ ਕਹਾਣੀ ਹੈ

-0-

ਪਗ-ਡੰਡੀ
ਨਜ਼ਰ ਪੈਰ ਰਾਹ ਮੰਜ਼ਿਲ
ਤੇ ਮੁਸਾਫਿਰ ਦੀ ਤਲਾਸ਼ 'ਚ
ਸਦੀਆਂ ਤੋਂ
ਦਿਨ ਰਾਤ ਜਾਗਦੀ
ਧੁੰਧਲੀ ਤੇ ਬੁੱਢੀ ਹੋ ਗਈ ਹੈ
ਪਗ-ਡੰਡੀ ਦੀ ਜ਼ਿੰਦਗੀ
ਪਗ-ਡੰਡੀ ਚੋਂ ਚੋਅ ਗਈ ਹੈ
ਪਿੰਜਰ ਬਾਕੀ ਰਹਿ ਗਿਆ ਹੈ
ਕਬਰਾਂ ਦੇ ਰਾਹ ਪੈ ਗਿਆ ਹੈ
ਆਪਣੀ ਲਾਸ਼
ਮੋਢਿਆਂ ਤੇ ਚੁੱਕੀ ਤੁਰ ਰਹੀ ਹੈ
ਆਪਣੀ ਪ੍ਰਕਰਮਾ ਕਰ ਰਹੀ ਹੈ
ਆਪਣੇ ਆਪ 'ਚ ਗੁੰਮ ਗਈ ਹੈ

-0-

ਨਜ਼ਰਾਂ ਦੀ ਤਵਜੋਂ ਤੋਂ
ਪੈਰਾਂ ਦੀ ਰੌਣਕ ਤੋਂ
ਮੰਜ਼ਿਲ ਦੀ ਹੋਂਦ ਤੋਂ
ਮੁਸਾਫਿਰ ਦੇ ਵਜੂਦ ਤੋਂ ਮਹਿਰੂਮ ਹੈ

ਦਿਲ ਵਿਚ ਹਸਰਤਾਂ
ਜਜ਼ਬਾਤਾਂ ਦਾ ਤੁਰਦਾ ਹਜ਼ੂਮ ਹੈ
ਜੋ ਨੀਂਹਾਂ ਹੇਠ ਆ ਗਿਆ ਹੈ
ਪਗ-ਡੰਡੀ ਦੇ ਵਜ਼ੂਦ ਨੂੰ ਖਾ ਗਿਆ ਹੈ

-0-

ਪਗ-ਡੰਡੀ ਲਈ
ਨਜ਼ਰਾਂ ਨੇ ਦਰ ਭੇੜ ਲਏ ਹਨ
ਰਾਹਾਂ ਨੇ ਮੂੰਹ ਫੇਰ ਲਏ ਹਨ
ਮੁਸਾਫਿਰ ਅਲੋਪ ਹਨ
ਮੰਜ਼ਿਲਾਂ ਅਦਿੱਸ ਹੋ ਗਈਆਂ ਹਨ
ਪਗ-ਡੰਡੀ ਦਿਸ਼ਾ ਰਹਿਤ ਗਤੀਹੀਣ
ਪੱਥਰ ਬਣਕੇ ਰਹਿ ਗਈ ਹੈ
ਖੜ੍ਹੋਤ ਦੀ ਜੂਨੇ ਪੈ ਗਈ ਹੈ

-0-

ਪਗ-ਡੰਡੀ
ਜਦ ਕਮਰੇ 'ਚ ਪੁੱਜਦੀ ਹੈ
ਜੀਵਨ ਜਿਊਣ 'ਚ ਰੁੱਝਦੀ ਹੈ
ਪਗ-ਡੰਡੀ ਦੇ ਜਿਸਮ ਚੋਂ
ਧਰਤ ਸੁਗੰਧ ਆਉਂਦੀ ਹੈ
ਪਗ-ਡੰਡੀ ਨਜ਼ਰਾਂ ਰਾਹ ਪੈਰ
ਤੇ ਮੁਸਾਫਿਰ ਕਹਾਉਂਦੀ ਹੈ
ਗਤੀਆਂ ਦੇ ਹੁਲਾਸ 'ਚ
ਪਗ-ਡੰਡੀ
ਧਰਤੀ ਤੋਂ ਗਿੱਠ ਗਿੱਠ ਉੱਚਾ ਤੁਰਦੀ ਹੈ

ਪਗ-ਡੰਡੀ
ਜਦ ਬਾਹਰਲੀ ਦੁਨੀਆਂ ਤੋਂ
ਕਮਰੇ ਵਿਚ ਮੁੜਦੀ ਹੈ
ਆਪਣਾ ਸੱਚ ਪਾਉਂਦੀ ਹੈ
ਆਪਣਾ ਜੀਵਨ ਜਿਉਂਦੀ ਹੈ
ਆਪਣਾ ਆਪਾ ਹੰਢਾਉਂਦੀ ਹੈ

-0-

ਆਪਣਾ ਸੱਚ ਪਾ
ਪਗ-ਡੰਡੀ
ਆਪਣੀ ਗੋਦ 'ਚ
ਮੌਸਮ ਬਹਾਰਾਂ ਰੁੱਤਾਂ
ਖਿੰਡਾਉਂਦੀ ਹੈ
ਫੁੱਲਾਂ ਕਲੀਆਂ ਤੇ ਰੰਗਾਂ ਦੀ
ਮਹਿਕ ਜਿਉਂਦੀ ਹੈ
ਮਨ ਦਾ ਚਾਅ
ਬੁੱਕਾਂ ਭਰ ਭਰ ਵੰਡਦੀ ਹੈ
ਉਦਾਸੀ ਚੁੱਪ ਇਕੱਲਤਾ
ਆਪਣੀ ਦੇਹ ਚੋਂ ਛੰਡਦੀ ਹੈ
ਸੁਗਾਤ ਪਿਆਰ ਦੀ
ਨਜ਼ਰਾਂ ਰਾਹਾਂ ਪੈਰਾਂ ਮੰਜ਼ਿਲਾਂ
ਤੇ ਮੁਸਾਫਿਰਾਂ ਦੀਆਂ ਤਲੀਆਂ ਤੇ
ਧਰਦੀ ਹੈ
ਕਿ ਧਰਤੀ ਦੀਆਂ ਪਗ-ਡੰਡੀਆਂ
ਇਨ੍ਹਾਂ ਰਹਿਮਤਾਂ ਤੋਂ
ਮਹਿਰੂਮ ਨਾ ਰਹਿਣ

ਜਿਉਂਦੇ ਜੀਅ
ਮੌਤ ਦਾ ਦਰਦ ਨਾ ਸਹਿਣ

-0-

ਕਮਰਾ
ਪਗ-ਡੰਡੀ ਦੀ ਹਰ ਇੱਛਾ
ਪੂਰੀ ਕਰਦਾ ਹੈ
ਪਗ-ਡੰਡੀ ਦੀ ਝੋਲੀ ਖ਼ੁਸ਼ੀਆਂ
ਨਾਲ ਭਰਦਾ ਹੈ
ਪਗ-ਡੰਡੀ ਕਮਰਾ ਲੱਗਦੀ ਹੈ
ਕਮਰੇ ਨੇ ਪਗ-ਡੰਡੀ ਵਿਚ
ਜੀਵਨ ਜੋਤ ਜਗਾਈ ਹੈ
ਪਗ-ਡੰਡੀ ਦੀ ਕੁੱਖ 'ਚ
ਜੀਵਨ ਉਤਾਰਿਆ ਹੈ
ਪਗ-ਡੰਡੀ ਦੇ ਵਿਸਹੱਦਿਆਂ ਤੇ
ਸੱਜਰਾ ਸੂਰਜ ਚਾੜ੍ਹਿਆ ਹੈ
ਪਗ-ਡੰਡੀ ਨੇ ਆਪਣਾ ਸੱਚ ਜਾਤਾ ਹੈ
ਆਪਣੀ ਹੋਂਦ ਪਹਿਚਾਣੀ ਹੈ
ਹੁਣ ਪਗ-ਡੰਡੀ ਖੜ੍ਹੋਤਾ ਜਲ
ਸੁੱਚਾ ਸੱਚਾ ਵ਼ਗਦਾ ਪਾਣੀ ਹੈ
ਪਗ-ਡੰਡੀ ਵਿਚ ਸਮਾਇਆ
ਰਾਹਾਂ ਮੰਜ਼ਿਲਾਂ ਮੁਸਾਫਿਰਾਂ ਦਾ ਵਜ਼ੂਦ ਹੈ

ਪਗ-ਡੰਡੀ ਦੀ ਹੁਣ ਨਾ ਕੋਈ ਹੋਂਦ ਹੈ
ਨਾ ਹਦੂਦ ਹੈ

-0-

ਪਗ-ਡੰਡੀ ਨੇ
ਆਪਣੀ ਮਹਿਕ ਪੌਣਾਂ ਵਿਚ
ਖਿਲਾਰੀ ਹੈ
ਫੁੱਲਾਂ ਦੇ ਵਿਚ ਰੰਗ ਭਰੇ ਹਨ
ਸ਼ੋਖੀ ਕਲੀਆਂ ਵਿਚ ਉਤਾਰੀ ਹੈ
ਕਮਰੇ 'ਚ ਪਗ-ਡੰਡੀ ਦੀ
ਨਵੀਂ ਜ਼ਿੰਦਗੀ ਦਾ ਅਗਾਜ਼ ਹੁੰਦਾ ਹੈ
ਪਗ-ਡੰਡੀ ਦੀ ਦੇਹ ਵਿਚ
ਕਮਰੇ ਦੇ ਸਾਹਾਂ ਦਾ ਵਾਸ ਹੁੰਦਾ ਹੈ
ਪਗ-ਡੰਡੀ
ਜਦ ਫੇਫੜਿਆਂ ਵਿਚ ਸਾਹ ਭਰਦੀ ਹੈ
ਅੱਗਣ ਦਾ ਤੇਜ ਹੰਢਾਉਂਦੀ ਹੈ
ਸੂਰਜਾਂ ਵਾਂਗੂੰ ਜਗਦੀ ਹੈ

-0-

ਕਮਰਾ
ਪਗ-ਡੰਡੀ ਦਾ ਸੱਚ ਜਿਉਂਦਾ ਹੈ
ਪਗ-ਡੰਡੀ ਕਮਰੇ ਦੀ ਹੋਂਦ 'ਚ
ਫਲਦੀ ਹੈ
ਕਮਰੇ ਦੇ ਸਾਹੀਂ ਘੁਲਦੀ ਹੈ
ਕਮਰੇ ਦਾ ਸੱਚ ਹੋ ਜਾਂਦੀ ਹੈ

ਆਪਣੀ ਹੋਂਦ ਵਿਸਾਰਦੀ ਹੈ
ਪਗ-ਡੰਡੀ
ਪਗ-ਡੰਡੀ ਨਹੀਂ ਕਮਰਾ ਅਖਵਾਉਂਦੀ ਹੈ
ਕਰਤਾਰੀ ਭੇਦ ਰੱਬ ਦਾ
ਪਗ-ਡੰਡੀ ਕਮਰੇ ਚੋਂ ਹੀ ਪਾਉਂਦੀ ਹੈ
ਕਮਰਾ ਸਿਮਰਦੀ
ਕਮਰਾ ਧਿਆਉਂਦੀ ਹੈ
ਕਮਰੇ ਤੋਂ ਬਾਹਰ
ਪਗ-ਡੰਡੀ ਦੀ ਕੋਈ ਹੋਂਦ ਨਹੀਂ ਹੈ
ਕਮਰੇ ਵਿਚ ਪਗ-ਡੰਡੀ
ਹੋਂਦ ਦਾ ਸੱਚ ਕਹਾਉਂਦੀ ਹੈ

-0-

ਬਾਹਰਲੀ ਦੁਨੀਆਂ ਵਿਚ ਹੋ ਕੇ ਮਿੱਟੀ
ਕਮਰੇ 'ਚ ਪਗ-ਡੰਡੀ
ਮਿੱਟੀ ਦਾ ਸੱਚ ਪਾਉਂਦੀ ਹੈ
ਬੁੱਤ ਬਣਾ ਕਮਰੇ ਦੇ ਸੱਚ ਦਾ
ਕਮਰੇ ਵਿਚ ਟਿਕਾਉਂਦੀ ਹੈ
ਕਮਰੇ ਦੇ ਸੱਚ 'ਚ ਉਤਰਦੀ ਹੈ
ਬੁੱਤ ਦਾ ਸੱਚ ਹੋ ਜਾਂਦੀ ਹੈ
ਕਮਰੇ ਦੀ ਹੋਂਦ ਚੋਂ
ਪਗ-ਡੰਡੀ
ਨਜ਼ਰਾਂ ਪੈਰਾਂ ਰਾਹਾਂ ਮੰਜ਼ਿਲਾਂ
ਮੁਸਾਫਿਰਾਂ ਦਾ ਸੁੱਖ ਹੰਢਾਉਂਦੀ ਹੈ

------

# ਮੰਜ਼ਿਲ

ਮੰਜ਼ਿਲ
ਜਦ ਕਮਰੇ 'ਚ ਪਰਤਦੀ ਹੈ
ਤਾਂ ਕਮਰਾ ਮੰਜ਼ਿਲ ਨੂੰ
ਹੱਥੀਂ ਛਾਵਾਂ ਕਰਦਾ ਹੈ
ਦਿਲ ਦੇ ਤਖ਼ਤ ਬਿਠਾਉਂਦਾ ਹੈ
ਮੰਜ਼ਿਲ ਦੇ ਦਿਲ ਵਿਚ ਉਤਰਦਾ ਹੈ
ਮੰਜ਼ਿਲ ਨੂੰ ਮੰਜ਼ਿਲ ਦੇ
ਸੱਚ ਦਾ ਅਰਘ ਚੜ੍ਹਾਉਂਦਾ ਹੈ

-0-

ਮੰਜ਼ਿਲ ਨੂੰ ਨੈਣਾਂ 'ਚ ਵਸਾ
ਪਲਕਾਂ ਢੋਅ ਲੈਂਦਾ ਹੈ
ਮੰਜ਼ਿਲ ਆਪਣਾ ਸੱਚ ਤੱਕ ਕੇ
ਸੱਚ ਦੀ ਦੁਨੀਆਂ ਵਿਚ ਉਤਰ ਜਾਂਦੀ ਹੈ
ਆਪਣੇ ਸੱਚ ਦੀ ਖ਼ੁਸ਼ੀ ਤੇ ਰੌਣਕ
ਆਪਣੇ ਲਹੂ ਹੰਢਾਉਂਦੀ ਹੈ
ਆਪਣੇ ਦਿਲ ਦੇ ਵਿਹੜੇ ਮੰਜ਼ਿਲ
ਚਿਹਰਿਆਂ ਦੇ ਹਜੂਮ ਉਤਰਦੇ ਪਾਉਂਦੀ ਹੈ
ਖ਼ੁਸ਼ੀਆਂ 'ਚ ਨਾ ਪੈਰ ਧਰਤ ਤੇ ਲਾਉਂਦੀ ਹੈ
ਮੰਜ਼ਿਲ
ਮੰਜ਼ਿਲ ਤੋਂ ਘਰ ਜੀਵਨ ਹੋ ਜਾਂਦੀ ਹੈ

-----

# ਤਲਾਸ਼ ਤੋਂ ਬਾਅਦ
# ਮੰਜ਼ਿਲ ਦੀ ਕਮਰੇ 'ਚ ਵਾਪਸੀ

ਮੰਜ਼ਿਲ
ਜਦ ਕਮਰੇ 'ਚ ਪਰਤਦੀ ਹੈ
ਕਮਰਾ ਸਰਦਲ ਤੇ ਖੜਾ
ਮੰਜ਼ਿਲ ਪੈਰੀਂ
ਹੱਥਾਂ ਦੀਆਂ ਤਲੀਆਂ ਰੱਖਦਾ ਹੈ
ਤਕ ਮੰਜ਼ਿਲ ਨੂੰ ਸਰਦਲ ਤੇ
ਮੰਜ਼ਿਲ ਦੇ ਦਿਲ ਵਿਚ ਉਤਰਦਾ ਹੈ

–0–

ਮੰਜ਼ਿਲ ਨੂੰ
ਆਪਣੀ ਹਿੱਕ ਨਾਲ ਲਾਉਂਦਾ ਹੈ
ਆਪਣੇ ਲਹੂ 'ਚ ਘੋਲਦਾ ਹੈ
ਮੰਜ਼ਿਲ ਦੇ ਗ਼ਮ ਵਿਚ
ਅੱਥਰੂ ਕੇਰਦਾ ਹੈ
ਕਮਰੇ ਦੇ ਗਲ ਲਗ ਕੇ ਮੰਜ਼ਿਲ
ਆਪਣਾ ਸੱਚ ਪਾਉਂਦੀ ਹੈ
ਚਿਹਰਿਆਂ ਦੇ ਸਾਗਰ
ਨਜ਼ਰਾਂ ਦੇ ਕਾਫ਼ਲੇ
ਮੰਜ਼ਿਲ ਆਪਣੀ ਦੇਹ ਹੰਢਾਉਂਦੀ ਹੈ

–0–

ਭੀੜ ਪੈਰਾਂ ਦੀ
ਨਜ਼ਰਾਂ ਰਾਹ ਮੁਸਾਫਿਰ

ਮੰਜ਼ਿਲ ਦਾ ਸੱਚ ਜਿਉਂਦੇ ਹਨ
ਮੰਜ਼ਿਲ ਦੇ ਮੱਥੇ ਵਸਣ ਦੀ
ਜੋਤ ਜਗਾਉਂਦੇ ਹਨ
ਮੰਜ਼ਿਲ ਇਨ੍ਹਾਂ ਵਿਚ ਉਤਰ ਜਾਂਦੀ ਹੈ
ਆਪਣੀ ਹੋਂਦ ਦਾ ਸੱਚ
ਜਿਉਂਦੇ ਜੀਅ ਪਾਉਂਦੀ ਹੈ
ਨਜ਼ਰਾਂ ਪੈਰ ਰਾਹ ਮੁਸਾਫਿਰ
ਆ ਮੰਜ਼ਿਲ ਵਿਚ ਵਸਦੇ ਹਨ
ਮੰਜ਼ਿਲ ਨੂੰ ਆਪਣਾ ਕਹਿੰਦੇ ਹਨ
ਆਪਣਾ ਮੰਜ਼ਿਲ ਨੂੰ ਦੱਸਦੇ ਹਨ

-0-

ਬਾਹਰਲੀ ਦੁਨੀਆਂ ਮੰਜ਼ਿਲ ਝੋਲੀ
ਸੋਗ ਉਦਾਸੀ ਪਾਈ
ਮੰਜ਼ਿਲ ਨੇ ਆਪਣੀ ਲਾਸ਼
ਹੱਥੀਂ ਆਪ ਉਠਾਈ
ਮੰਜ਼ਿਲ ਦੀ ਦੇਹ ਥੇਹ ਤੇ ਖੰਡਰ ਹੋਈ
ਆਪਣੇ ਅੰਦਰ ਵੜਕੇ ਮੰਜ਼ਿਲ
ਕਈ ਉਮਰਾਂ ਭਰ ਰੋਈ

-0-

ਕੋਈ ਰਾਹ ਮੁਸਾਫਿਰ ਨਹੀਂ ਸੀ
ਆਇਆ ਦਰ ਮੰਜ਼ਿਲ ਦੇ
ਸਭ ਕੁੱਝ ਛੱਡ ਕੇ ਪਹੁੰਚੀ ਮੰਜ਼ਿਲ
ਆਖਿਰ ਮੌਤ ਦੇ ਦੌਰ ਤੇ
ਮੌਤ ਵੀ ਨਾ ਕਬੂਲੀ ਮੰਜ਼ਿਲ

ਰਹੀ ਤੱਕਦੀ ਉਮਰਾਂ ਖੜ੍ਹਕੇ
ਪਰਤੀ
ਆਪਣੇ ਆਪ 'ਚ ਮੰਜ਼ਿਲ
ਨਾ ਜਿਉਂਦੀ ਨਾ ਮੋਈ
ਆਪਣੇ ਆਪ ਲਈ ਮੰਜ਼ਿਲ
ਆਪ ਪਰਾਈ ਹੋਈ
ਆਪਣੇ ਆਪ 'ਚ ਬਹਿ ਕੇ
ਮੰਜ਼ਿਲ ਰੋ ਰੋ ਉਮਰ ਗੁਜ਼ਾਰੀ
ਸਬਰ ਕੀਤਾ ਤੇ ਬਹਿ ਗਈ ਮੰਜ਼ਿਲ
ਭਾਣਾ ਮੰਨ ਕਰਤਾਰੀ

-0-

ਕਮਰੇ ਨੇ ਮੰਜ਼ਿਲ ਦੀ ਦੇਹ ਵਿਚ
ਸੂਰਜ ਨਵਾਂ ਚੜ੍ਹਾਇਆ
ਮੌਸਮਾਂ ਰੁੱਤਾਂ ਦਾ ਕਾਫ਼ਲਾ
ਮੰਜ਼ਿਲ ਵਿਹੜੇ ਆਇਆ
ਰੰਗ ਖੁਸ਼ਬੂਆਂ ਕਲੀਆਂ
ਆਪਣੇ ਨਾਲ ਲਿਆਇਆ
ਰਾਹ ਮੁਸਾਫਿਰ ਢੁੱਕੇ
ਜਦ ਮੰਜ਼ਿਲ ਦੇ ਦਰ ਤੇ
ਮੰਜ਼ਿਲ ਦੇ ਨੈਣਾਂ ਵਿਚ ਸੂਰਜ
ਮੱਥੇ ਚੰਨ ਚੜ੍ਹ ਆਇਆ

-0-

ਖੀਵੀ ਖੀਵੀ ਹੋ ਗਈ ਮੰਜ਼ਿਲ
ਰਾਹ ਮੁਸਾਫਿਰ ਪਾ ਕੇ

ਚੋਇਆ ਤੇਲ ਸਰਦਲ ਤੇ ਮੰਜ਼ਿਲ
ਮੁਸਾਫਿਰ ਪਲਕ ਬਿਠਾ ਕੇ
ਮੰਜ਼ਿਲ ਦੀਆਂ ਉਜਾੜਾਂ 'ਚ
ਫੁੱਲ ਜੀਵਨ ਦਾ ਖਿੜਿਆ
ਸਦੀਆਂ ਭਟਕਦੀ ਮੰਜ਼ਿਲ ਨੂੰ
ਮੰਜ਼ਿਲ ਦਾ ਰੱਬ ਮਿਲਿਆ

-0-

ਸੂਹੇ ਰੰਗ ਦੀ ਲੈ ਫੁੱਲਕਾਰੀ ਮੰਜ਼ਿਲ
ਮਾਂਗੀਂ ਸੰਧੂਰ ਸਜਾਇਆ
ਮੰਜ਼ਿਲ ਦੇ ਦਰ ਬੰਨ ਕੇ ਸਿਹਰਾ
ਚੰਨ ਅਰਸ਼ਾਂ ਤੋਂ ਆਇਆ
ਸੂਹਾ ਰੰਗ ਤੇ ਲਿਸ਼ਕਣ ਅੱਖੀਆਂ
ਮੰਜ਼ਿਲ ਅੰਬਰ ਉੱਡਦੀਆਂ ਫੜਦੀ
ਹਾਸਿਆਂ ਦੀ ਬਰਸਾਤ
ਮੰਜ਼ਿਲ ਦੇ ਮੁਖੜੇ ਤੇ ਵਰ੍ਹਦੀ

-0-

ਕਮਰੇ ਦੀ ਛੱਤ ਤੋਂ ਵੇਖਣ ਅੱਖੀਆਂ
ਕਮਰੇ ਦੀਆਂ ਕੰਧਾਂ ਗਾਵਣ
ਚਾਅ ਮੰਜ਼ਿਲ ਦੇ ਬੰਨ ਕੇ ਘੁੰਗਰੂ
ਕਮਰੇ ਵਿਚ ਲੁੱਡੀ ਪਾਵਣ
ਕਮਰੇ ਦੇ ਸਾਜ਼ ਸੁਰਾਂ ਕਮਰੇ ਦੇ ਫਰਸ਼ ਤੇ
ਸਰਸਵਤੀ ਨਿਚਾਵਣ

ਹੱਸ ਹੱਸ ਮੰਜ਼ਿਲ ਦੂਹਰੀ ਹੋਈ
ਮੰਜ਼ਿਲ ਦਾ ਮਨੂਵਾ ਡੋਲੇ
ਸ਼ੋਰ ਸੁਰਾਂ ਦਾ ਰੂਪ ਧਾਰਿਆ
ਚੁੱਪ ਮੰਜ਼ਿਲ ਦੀ ਬੋਲੇ

–0–

ਉੱਚੇ ਤਖ਼ਤ ਬਿਠਾ ਮੁਸਾਫਿਰ
ਮੰਜ਼ਿਲ ਆਰਤੀ ਪਈ ਉਤਾਰੇ
ਇਕੋ ਵਾਰੀ ਝੋਲੀ ਪੈ ਗਏ
ਮੰਜ਼ਿਲ ਵਿਹੜੇ ਨੱਚੇ ਜੀਵਨ
ਜ਼ਿੰਦਗੀ ਗਿੱਧਾ ਪਾਵੇ
ਸਾਂਭੀਆਂ ਜਾਣ ਨਾ
ਮੰਜ਼ਿਲ ਤੋਂ ਖੁਸ਼ੀਆਂ
ਖੁਸ਼ੀਆਂ ਵਿਚ ਮਰਦੀ ਜਾਵੇ

–0–

ਵਸਦਾ ਰਸਦਾ
ਇਕ ਘਰ ਦਾ ਸੁਫ਼ਨਾ
ਮੰਜ਼ਿਲ ਦੇ ਦਰ ਆਇਆ
ਤੱਕ ਸੁਫ਼ਨਾ ਮੰਜ਼ਿਲ ਨੇ
ਜੀਵਨ ਦਾ ਸੱਚ ਪਾਇਆ
ਮੰਜ਼ਿਲ ਦੇ ਹਨ੍ਹੇਰੇ ਜੀਵਨ ਵਿਚ
ਸੂਰਜ ਚੜ੍ਹ ਆਇਆ

–0–

ਥੱਕਦੀ ਨਾ ਮੰਜ਼ਿਲ
ਖੁਸ਼ੀਆਂ ਦਾ ਕਰਦੀ ਆਦਰ
ਤੇ ਸਤਿਕਾਰ
ਭੁੱਲ ਗਈ ਦੁਨੀਆਂ ਦੇ ਦੁੱਖ ਸਾਰੇ
ਤੱਕ ਖਿੜਿਆ ਵਿਹੜੇ ਗੁਲਜ਼ਾਰ
ਉਦਾਸੀ ਇਕੱਲ ਚੁੱਪ ਉਜਾੜਾਂ ਚੋਂ
ਬਹਾਰਾਂ ਖੁਸ਼ੀਆਂ ਰੌਣਕਾਂ
ਪੁੰਗਰ ਆਈਆਂ
ਉਤਰਿਆ ਅੰਬਰ ਧਰਤੀ ਤੇ
ਮੰਜ਼ਿਲ ਨੂੰ ਦੇਣ ਵਧਾਈਆਂ
ਫੁੱਲੀ ਨਾ ਸਮਾਉਂਦੀ ਮੰਜ਼ਿਲ
ਖੁਸ਼ੀਆਂ ਛਾਵੇਂ ਬਹਿੰਦੀ
ਰੌਣਕਾਂ ਤੇ ਬਹਾਰਾਂ ਦੀਆਂ
ਮੰਜ਼ਿਲ ਖੁਸ਼ਬੂਆਂ ਲੈਂਦੀ

-0-

ਸੁੱਕੇ ਰੁੱਖ ਚੋਂ ਪੱਤ ਪੁੰਗਰੇ
ਟਹਿਣੀ ਟਹਿਣੀ ਬੂਰ ਪਿਆ
ਮੰਜ਼ਿਲ ਦੇ ਰੁੱਖ ਨੂੰ ਝਾਕੇ
ਫੱਲ ਚੋਂ ਬੀਜ ਦਾ ਨੂਰ ਜਿਹਾ
ਕਮਰੇ ਦੀਆਂ
ਰਹਿਮਤਾਂ ਨਿਹਮਤਾਂ ਦੀ
ਮੰਜ਼ਿਲ ਦੀਵਾਨੀ ਹੋਈ
ਆਪਣਾ ਆਪ ਭੁਲਾ ਕੇ

ਮੰਜ਼ਿਲ ਕਮਰਾ ਕਮਰਾ ਹੋਈ
ਦੇਹ ਦਾ ਸੱਚ
ਸੱਚ ਦੇ ਨੂਰ 'ਚ ਗਿਆ ਪਰੋਇਆ
ਕਮਰਾ ਗਲ ਲਾ ਮੰਜ਼ਿਲ ਨੂੰ
ਖ਼ੁਸ਼ੀਆਂ ਦੇ ਅੱਥਰੂ ਰੋਇਆ

-0-

ਬਾਹਰਲੀ ਦੁਨੀਆਂ ਨੇ
ਮੰਜ਼ਿਲ ਦੇ ਪਿੰਡੇ ਸੋਕਾ ਧਰਿਆ
ਮੰਜ਼ਿਲ ਦੇ ਵਿਚ ਤੁਰਦਾ ਜੀਵਨ
ਬੂੰਦ ਬੂੰਦ ਲਈ ਤਰਸਿਆ
ਬੀਜੀ ਦੁਨੀਆਂ ਮੰਜ਼ਿਲ ਪਿੰਡੇ
ਨਫ਼ਰਤ ਬੇਵਿਸ਼ਵਾਸੀ
ਮੰਜ਼ਿਲ ਦੇ ਵਿਚ ਵਗਦੀ ਨਦੀ ਦੀ
ਹੋਈ ਖ਼ੁਸ਼ਬੂ ਬਾਸੀ

-0-

ਸੁੱਕੇ ਰੁੱਖਾਂ ਦਾ ਜੰਗਲ
ਮੰਜ਼ਿਲ ਚੋਂ ਉੱਗ ਆਇਆ
ਸੁੱਕਾ ਸਾਗਰ ਜਲ ਦਾ ਅੰਦਰੋਂ
ਨਜ਼ਰੀਂ ਥਲ ਸਮਾਇਆ
ਉਜਾੜਾਂ ਉੱਗੀਆਂ ਪੈਰ ਪੈਰ ਤੇ
ਤੇ ਦਿਲ ਬੰਜਰ ਹੋਇਆ

ਰੋਸ਼ਨੀਆਂ ਦਾ ਸ਼ਹਿਰ ਜਿਵੇਂ
ਪਲਾਂ 'ਚ ਖੰਡਰ ਹੋਇਆ
ਨਾ ਜ਼ਿੰਦਗੀ ਵਿਚ
ਕੋਈ ਰਾਹ ਮਿਲਿਆ
ਨਾ ਹੀ ਕੋਈ ਮੁਸਾਫਿਰ
ਪੱਤ ਵਿਹੂਣੇ ਰੁੱਖਾਂ ਦੇ ਜੰਗਲ
ਹਰਿਆਵਲੀ ਅੱਗ ਦੇ ਭਾਂਬੜ
ਕਿਹੜੇ ਸਾਗਰ ਚੋਂ ਭਰਦੀ
ਮੰਜ਼ਿਲ ਦਿਲ ਆਪਣੇ ਦੀ ਗਾਗਰ
ਨਾ ਪੈਰਾਂ ਵਿਚ ਧਰਤੀ
ਨਾ ਹੀ ਸਿਰ ਤੇ ਅੰਬਰ
ਮੰਜ਼ਿਲ ਦਾ ਦੁਨੀਆਂ ਰਚਿਆ
ਦੂਲ੍ਹੇ ਬਿਨਾ ਸਵੰਬਰ

-0-

ਪਰਤੀ
ਜਦ ਕਮਰੇ ਵਿਚ ਮੰਜ਼ਿਲ
ਹਰੇ ਹਰੇ ਸਨ ਜੰਗਲ
ਸਾਗਰ ਜਲ ਨਾਲ ਲਬਾਲਬ ਭਰਿਆ
ਖੁਸ਼ ਸਨ ਧਰਤੀ ਅੰਬਰ
ਚੰਨ ਸਿਤਾਰੇ ਕਮਰੇ ਵਿਚ ਉਤਰੇ
ਹਵਾ ਦੇ ਬੁੱਲਿਆਂ ਸ਼ੀਤਲ
ਗਿੱਧਾ ਪਾਇਆ
ਰੌਸ਼ਨੀਆਂ ਦੀ ਝਿਲਮਿਲ ਸਦਕਾ

ਕਮਰੇ ਨੂਰੀ ਰੂਪ ਬਣਾਇਆ
ਰਾਗ ਰੰਗ ਨਾਲ ਲੱਦੀਆਂ ਕਿਰਨਾਂ
ਨੱਚ ਨੱਚ ਧਰਤੀ ਪੁੱਟੀ
ਕਮਰੇ ਦੇ ਵਿਚ ਪਰਤ
ਮੰਜ਼ਿਲ ਦੀ ਜਾਗੀ ਕਿਸਮਤ ਸੁੱਤੀ

-0-

ਚਿਹਰਿਆਂ ਦਾ ਹਜ਼ੂਮ
ਨਿਕਲ ਕੰਧਾਂ ਚੋਂ
ਵਿਹੜੇ ਦੇ ਵਿਚ ਆਇਆ
ਛੱਤੋਂ ਨਿਕਲ ਕੇ ਅੱਖੀਆਂ
ਮੇਲਾ ਦਿਸਹੱਦਿਆਂ ਤੇ ਲਾਇਆ
ਕਮਰੇ ਦੇ ਪੈਰਾਂ ਨੇ ਨੱਚ ਨੱਚ
ਅੰਬਰ ਧਰਤ ਹਿਲਾਏ
ਬੂਹੇ ਬਾਰੀਆਂ ਵਿਚੋਂ ਸਾਵਣ
ਆਪਣਾ ਰੂਪ ਵਿਖਾਏ
ਭਿੱਜ ਗਿਆ ਮੁੱਖ ਮੰਜ਼ਿਲ ਦਾ
ਬੱਦਲਾਂ ਰੰਗ ਬਰਸਾਏ

-0-

ਨੈਣਾਂ ਵਿਚ ਵਸਾ ਮੁਸਕਾਣਾਂ
ਮੰਜ਼ਿਲ
ਕਮਰੇ ਦੇ ਦਿਲ ਵਿਚ ਉਤਰਦੀ ਜਾਏ
ਮੰਜ਼ਿਲ ਵਿਚ ਸਮਾਏ ਰਾਹੀ

ਰਾਹੀ ਮੰਜ਼ਿਲ ਸਮਾਏ
ਦੋਹਾਂ ਦੀ ਇਸ ਮਿਲਣੀ ਚੋਂ
ਜੀਵਨ ਪੁੰਗਰ ਆਏ
ਜੀਵਨ ਦੇ ਵਿਚ ਇੰਜ ਗੁਆਚੀ ਮੰਜ਼ਿਲ
ਭੁੱਲ ਗਈ ਦੁਨੀਆਂ ਸਾਰੀ
ਆਪਣੇ ਰੰਗ ਦੀ ਦੁਨੀਆਂ
ਮੰਜ਼ਿਲ ਜੀਵਨ ਵਿਚ ਉਤਾਰੀ

-0-

ਚਿਹਰਿਆਂ ਪਾਇਆ
ਮੰਜ਼ਿਲ ਨੂੰ ਝੁਰਮਟ
ਪੈਰਾਂ ਰਾਹ ਵਿਛਾਏ
ਮੰਜ਼ਿਲ ਵਿਹੜੇ ਕਰਤਾ ਤੇ ਕੁਦਰਤ
ਉਤਰ ਆਏ
ਸੀਕ ਕੇ ਦੁਨੀਆਂ ਦੇ ਗ਼ਮ ਸਾਰੇ
ਮੰਜ਼ਿਲ ਖ਼ੁਸ਼ੀਆਂ ਵੰਡਦੀ ਜਾਏ
ਹਰਦਮ ਸਿਮਰੇ ਕਮਰਾ
ਕਮਰਾ
ਕਮਰਾ ਹੀ ਧਿਆਏ

-----

# ਦੁਖਾਂਤ

ਮੈਂ ਪਗਡੰਡੀ ਤੇ ਮੰਜ਼ਿਲ
ਦੁਨਿਆਵੀ ਜੀਵਨ ਵਿਚ ਉਤਰੇ ਹਾਂ
ਜਿਉਂਦੇ ਲੋਕਾਂ ਵਿਚ ਵਿਚਰੇ ਹਾਂ
ਜਿਉਂਦੀ ਦੁਨੀਆਂ 'ਚ
ਸਾਨੂੰ ਜੀਵਨ·ਨਹੀਂ ਮਿਲਿਆ
ਜਿਉਂਦੀ ਦੁਨੀਆਂ
ਜੇ ਜਿਉਂਦਿਆਂ ਨੂੰ
ਜੀਵਨ ਦੇ ਨਹੀਂ ਸਕਦੀ
ਤਾਂ ਉਸ ਦੁਨੀਆਂ ਦਾ ਕੀ ਜੀਣਾ ਹੈ
ਉਜਾੜਾਂ ਚੁੱਪ ਉਦਾਸੀਆਂ 'ਚ
ਜੇ ਰੌਣਕ ਖੁਸ਼ੀਆਂ ਧਰ ਨਹੀਂ ਸਕਦੀ
ਡਿੱਗਿਆਂ ਨੂੰ ਖਲਿਆਰ ਨਹੀਂ ਸਕਦੀ
ਡੁੱਬਦਿਆਂ ਨੂੰ ਤਾਰ ਨਹੀਂ ਸਕਦੀ
ਤਾਂ ਉਸ ਦੁਨੀਆਂ ਦਾ ਕੀ ਜੀਣਾ

------

## ਜੀਵਨ ਸੱਚ

ਕਮਰਾ
ਜੋ ਦੁਨੀਆਂ ਦੀ ਨਜ਼ਰ 'ਚ
ਪੱਥਰ ਇੱਟਾਂ ਸੀਮਿੰਟ ਸਰੀਏ ਦਾ
ਵਜ਼ੂਦ ਹੈ
ਜੀਵਨ ਰਹਿਤ ਤੇ ਸਥੂਲ ਹੈ
ਜਿਸ ਵਿਚ ਨਾ ਸੁਣਨ ਬੋਲਣ
ਸੁੰਘਣ ਛੋਹਣ ਦੀ ਸ਼ਕਤੀ ਹੈ
ਜਜ਼ਬਾਤਹੀਣ ਹੈ
ਨਾ ਚੇਤਨਾ
ਨਾ ਇਸ ਵਿਚ ਜੀਵਨ ਦੇ
ਪੰਜਾਂ ਤੱਤਾਂ ਦੀ ਹਸਤੀ ਹੈ

-0-

ਉਸ ਕਮਰੇ ਚੋਂ
ਮੈਨੂੰ ਪਗ-ਡੰਡੀ ਤੇ ਮੰਜ਼ਿਲ ਨੂੰ
ਜੀਵਨ ਮਿਲਿਆ
ਜੀਵਨ ਦਾ ਅਰਥ ਮਿਲਿਆ
ਜੀਵਨ ਦਾ ਅਧਾਰ ਮਿਲਿਆ
ਸਾਡਾ ਸੱਚ ਹੈ ਕਮਰਾ ਹੰਢਾਉਂਦਾ
ਕਮਰੇ ਦਾ ਸੱਚ ਹਾਂ ਅਸੀਂ ਜਿਉਂਦੇ
ਸਾਡੇ ਤੇ ਕਮਰੇ ਦੇ ਵਿਚਰਨ ਚੋਂ
ਜੀਵਨ ਅੰਕੁਰ ਪੁੰਗਰ ਹਨ ਆਉਂਦੇ

-0-

ਸਾਡੇ ਲਈ ਕਮਰਾ
ਪੱਥਰ ਇੱਟਾਂ ਸੀਮਿੰਟ ਸਰੀਏ ਦਾ
ਵਜ਼ੂਦ ਨਹੀਂ ਹੈ
ਲਹੂ ਮਾਸ ਦਾ
ਜਿਉਂਦਾ ਜਾਗਦਾ ਜੀਵਨ ਝਰਨਾ ਹੈ
ਜਿਸ ਵਿਚ ਬ੍ਰਹਿਮੰਡ ਹੈ ਵਸਿਆ
ਜਿਸ ਵਿਚ ਸਭ ਸੰਸਾਰ ਹੈ ਰਸਿਆ
ਜਿਸ ਵਿਚ ਸਿਰਜਣਾ
ਸਿਰਜਕ ਰਚਿਆ
ਜਿਸ ਵਿਚ ਪੌਣਾਂ ਦਾ ਵਾਸਾ ਹੈ
ਅੱਗ ਜਲ ਧਰਤ ਅਕਾਸ਼ ਨਾਲ
ਹੈ ਭਰਿਆ
ਕਮਰਾ ਜ਼ੀਵਨ ਦਾ ਕਾਸਾ ਹੈ

–0–

ਗ਼ਮ ਖ਼ੁਸ਼ੀ ਹਿਰਖ਼ ਸੋਗ
ਹਾਸੇ ਹੰਝੂਆਂ ਜਜ਼ਬਾਤਾਂ ਦਾ
ਇਸਦੀ ਦੇਹ ਵਿਚ ਡੇਰਾ ਹੈ
ਚੰਨਾਂ ਸੂਰਜਾਂ ਤਾਰਿਆਂ ਭਰਿਆ
ਇਸ ਕਮਰੇ ਦਾ ਵਿਹੜਾ ਹੈ
ਮੌਸਮਾਂ ਰੁੱਤਾਂ ਰੰਗਾਂ ਖ਼ੁਸ਼ਬੂਆਂ ਦਾ
ਜਿਸਦੇ ਵਿਚ ਸਵੰਬਰ ਹੈ

ਇਸ ਕਮਰੇ ਵਿਚ ਰੱਬ ਵੱਸਦਾ ਹੈ
ਇਹ ਕਮਰਾ ਮੰਦਰ ਹੈ

-0-

ਧਰ਼ਤੀਆਂ ਅਕਾਸ਼ ਪਹਾੜ
ਤੇ ਸਾਗਰ
ਕਮਰੇ ਦੇ ਵਿਚ ਵੱਸਦੇ ਨੇ
ਦਰਿਆਵਾਂ ਨਦੀਆਂ ਦੇ ਪਿੰਡੇ
ਕਮਰੇ ਦੀ ਦੇਹ ਤਰਦੇ ਨੇ
ਦੁਨੀਆਂ ਦੀ ਨਜ਼ਰ 'ਚ
ਕਮਰਾ ਪੱਥਰ ਹੈ
ਜੋ ਕੁੱਝ ਵੀ ਮਹਿਸੂਸ ਨਹੀਂ ਕਰਦਾ
ਅਨੁਭਵ ਨਹੀਂ ਕਰਦਾ
ਉਸ ਕਮਰੇ ਦੀ ਪੱਥਰ ਦੇਹ ਚੋਂ
ਅਸਾਂ ਤਿੰਨਾਂ ਨੇ ਜੀਵਨ ਪਾਇਆ
ਸਾਨੂੰ ਕਮਰੇ ਦੀਆਂ ਕੰਧਾਂ ਚੋਂ
ਸਾਡਾ ਚਿਹਰਾ ਨਜ਼ਰੀਂ ਆਇਆ
ਸਾਨੂੰ ਸਾਡਾ ਸੱਚ ਦਿੱਸਿਆ
ਕਮਰੇ ਵਿਚ ਸੀ ਜੋ ਸਮਾਇਆ
ਸਾਡੇ ਘੋਰ ਹਨ੍ਹੇਰੇ ਜੀਵਨ ਵਿਚ
ਕਮਰਾ ਸੂਰਜ ਬਣ ਚੜ੍ਹ ਆਇਆ

-0-

ਅਸੀਂ ਜੋ ਕਬਰਾਂ ਦੀ ਮਿੱਟੀ ਸਾਂ
ਖੜੇ ਪਾਣੀਆਂ ਦੇ ਛੱਪੜ ਸਾਂ

ਗਤੀਆਂ ਰਹਿਤ
ਦਿਸ਼ਾ ਰਹਿਤ ਸਾਂ
ਸਾਡੇ ਵਿਚ
ਜੀਵਨ ਅੰਕੁਰ ਕਮਰੇ ਨੇ ਧਰਿਆ
ਕਮਰਾ ਸਾਨੂੰ ਜੀਵਨ ਸਿਰਜਕ
ਹੋ ਕੇ ਮਿਲਿਆ

-0-

ਕਮਰੇ ਦੀ ਛੱਤ ਦੀਆਂ ਅੱਖਾਂ
ਸਾਨੂੰ ਨਜ਼ਰਾਂ ਵਿਚ ਵਸਾਇਆ
ਕਮਰੇ ਦੇ ਪੈਰਾਂ ਨੇ
ਮੁਸਾਫਿਰਾਂ ਦੇ ਮਸਤਕ ਵਿਚ ਮੰਜ਼ਿਲ
ਮੰਜ਼ਿਲ-ਦਿਸ਼ਾ ਵਲ ਰਾਹ ਉੱਗਾਇਆ
ਕਮਰੇ ਦੀਆਂ ਕੰਧਾਂ ਨੇ
ਸਾਨੂੰ ਤਿੰਨਾਂ ਨੂੰ
ਸਾਡਾ ਆਪਣਾ ਸੱਚ ਵਿਖਾਇਆ
ਅਸੀਂ ਜਿਉਂਦੇ ਹੀ ਮੋਏ ਸਾਂ
ਸਾਡੀ ਮੁਰਦਾ ਦੇਹ ਵਿਚ
ਕਮਰੇ ਨੇ ਹੈ ਜੀਵਨ ਪਾਇਆ

-0-

ਜਿਉਂਦੀ ਦੁਨੀਆਂ
ਜੇ ਜਿਉਂਦੇ ਨੂੰ ਜੀਵਨ ਦੇ ਨਹੀਂ ਸਕਦੀ
ਤਾਂ ਉਸ ਦੁਨੀਆਂ ਦਾ ਕੀ ਜੀਣਾ ਹੈ
ਮਨੁੱਖ ਦਾ

ਅੱਜ ਦੁਖਾਂਤ ਇਹੋ ਹੈ
ਦੁਨੀਆਂ ਹੀ
ਮਨੁੱਖ ਨੂੰ ਅੱਜ ਮਾਰ ਰਹੀ ਹੈ
ਮਨੁੱਖ ਦੇ ਮੱਘਦੇ ਸੂਰਜ
ਠਾਰ ਰਹੀ ਹੈ
ਅੰਮ੍ਰਿਤ ਦੀ ਥਾਂ
ਮਨੁੱਖੀ ਜੀਵਨ ਦੇ ਵਿਚ ਜ਼ਹਿਰ
ਘੋਲ ਰਹੀ ਹੈ
ਅੰਦਰੋਂ ਛੁਰੀਆਂ ਫੇਰ ਰਹੀ ਹੈ
ਬਾਹਰੋਂ ਮਿੱਠਾ ਬੋਲ ਰਹੀ ਹੈ

-0-

ਉਮਰ ਭੋਗਦੇ
ਜੀਵਨ ਜਿਉਂਦੇ ਮਰਜੀਵੜਿਆਂ ਨੂੰ
ਜਿਉਂਦੇ ਜੀਅ ਹੀ ਕਬਰਾਂ ਦੇ ਵੱਲ
ਤੋਰ ਰਹੀ ਹੈ
ਸੋਮਾ ਜੀਵਨ ਦਾ ਕਹਾਉਂਦੀ ਦੁਨੀਆਂ
ਜੀਵਨ ਤੋਂ ਮੁੱਖ ਮੁੜ ਰਹੀ ਹੈ

-0-

ਜੇ ਪੱਥਰ ਗਤੀਹੀਣ ਹੈ
ਪਰ ਗਤੀ ਦੀ ਕੁੱਖ ਤਾਂ ਹੈ ਨਾ
ਅਗਤੀਆਂ ਬਾਝੋਂ
ਗਤੀਆਂ ਦੀ ਕੋਈ ਹੋਂਦ ਨਹੀਂ ਹੈ

ਗਤੀਆਂ ਦਾ ਕੋਈ ਸੱਚ ਨਹੀਂ ਹੈ
ਗਤੀਆਂ ਦਾ ਕੋਈ ਵਜ਼ੂਦ ਨਹੀਂ ਹੈ
ਗਤੀਆਂ ਦੀ ਹਨ ਕੁੱਖ ਅਗਤੀਆਂ
ਗਤੀਆਂ ਨੂੰ
ਅਗਤੀਆਂ ਦਾ ਜੇ ਅਨੁਭਵ ਨਹੀਂ ਹੈ
ਗਤੀਆਂ ਦਾ ਫਿਰ
ਕੋਈ ਮਤਲਬ ਕੋਈ ਸੱਚ ਨਹੀਂ ਹੈ
ਕੋਈ ਸਿਆਣ ਨਹੀਂ ਪਹਿਚਾਣ ਨਹੀਂ ਹੈ
ਅਗਤੀਆਂ ਹੀ ਗਤੀਆਂ ਦੀ ਜਾਨ
ਅਗਤੀਆਂ ਹੀ ਗਤੀਆਂ ਦੇ ਪ੍ਰਾਣ

-0-

ਸਥੂਲ ਚੀਜ਼ ਤੇ ਪੱਥਰ ਦੀ
ਜ਼ਰਖੇਜ਼ ਧਰਤੀ ਨੂੰ ਸਮਝੋ
ਇਨ੍ਹਾਂ ਦੀ ਪਰਤ-ਦਰ-ਪਰਤ ਖੋਲ੍ਹੋ
ਇਨ੍ਹਾਂ ਦੇ ਵਿਚ ਉਤਰੋ
ਫਿਰ ਇਨ੍ਹਾਂ ਦਾ ਸੱਚ ਪਹਿਚਾਣੋ
ਇਨ੍ਹਾਂ ਵਿਚ ਜੋ ਬੀਜੋਗੇ
ਉੱਗਾਵਣਗੇ ਇਹ
ਇਹ ਬੋਲਣਗੇ ਇਹ ਸੁਣਨਗੇ
ਇਹ ਵੇਖਣਗੇ ਇਹ ਤੁਰਨਗੇ

-0-

ਕਮਰੇ ਦੇ ਵਸਣ ਤੋਂ ਦੂਰ ਜੇ ਜਾਓ
ਉਸਦੀ ਯਾਦ ਸਤਾਉਂਦੀ ਹੈ

ਕਮਰੇ ਦੇ ਮੋਹ ਦੀ ਤੰਦ
ਬੰਦੇ ਦਾ ਦਿਲ ਤੜਫਾਉਂਦੀ ਹੈ
ਘਰ ਦੀ ਯਾਦ
ਸੁਫ਼ਨਿਆਂ ਵਿਚ ਵੀ ਆਉਂਦੀ ਹੈ
ਬੰਦਾ
ਜਿਸ ਵੀ ਪਿੰਡ ਥਾਂ ਜਨਮੇ
ਦੁਨੀਆਂ ਵਿਚ ਕਿਤੇ ਵੀ ਵਸੇ
ਜਨਮ ਭੁਇ ਨੂੰ ਭੁੱਲ ਨਹੀਂ ਸਕਦਾ

-0-

ਘਰ ਦੀ ਮਿੱਟੀ ਕੰਧਾਂ ਤੇ ਵਿਹੜੇ ਸੰਗ
ਉਸਦੀਆਂ ਯਾਦਾਂ ਜੁੜੀਆਂ ਹੁੰਦੀਆਂ ਹਨ
ਉਸਦੀ ਦੇਹ ਤੇ ਲਹੂ ਅੰਦਰ
ਜੀਵੀਆਂ ਤੇ ਖੁਭੀਆਂ ਹੁੰਦੀਆਂ ਹਨ
ਘਰ ਵਿਹੜੇ ਦੀ ਮਿੱਟੀ ਦੀ
ਬੰਦਾ ਖ਼ੁਸ਼ਬੂ ਜਿਉਂਦਾ ਹੈ
ਯਾਦਾਂ ਆਉਣ ਤੇ ਬੰਦਾ
ਘੁੱਟ ਹੰਝੂਆਂ ਦੇ ਪੀਂਦਾ ਹੈ
ਆਪਣੇ ਦਿਲ ਦੇ ਜ਼ਖ਼ਮਾਂ ਨੂੰ
ਮਿੱਟੀ ਮੋਹ ਸੰਗ ਸੀਂਦਾ ਹੈ

-0-

ਜਦ ਕਦੀ ਵੀ ਘਰ ਪਰਤਦਾ
ਘਰ ਦਾ ਬੂਹਾ ਕੰਧਾਂ ਵਿਹੜਾ

ਝੱਟ ਉਸਨੂੰ ਪਹਿਚਾਣ ਲੈਂਦੇ ਹਨ
ਆਪਣੇ ਵਿਚ ਵਸਦੀਆਂ ਯਾਦਾਂ
ਉਸਨੂੰ ਭੇਟ ਚੜ੍ਹਾਉਂਦੇ ਹਨ
ਜੇ ਇਹ ਸੱਚ ਹੈ
ਤਾਂ ਕੌਣ ਹੈ ਕਹਿੰਦਾ
ਇਹ ਸਭ ਕੁੱਝ ਜੀਵਨ ਰਹਿਤ ਹੈ
ਅਨੁਭਵ ਰਹਿਤ ਹੈ ਜਜ਼ਬੇ ਰਹਿਤ ਹੈ
ਇਹ ਸਭ ਸੱਚ ਹੈ
ਇਹ ਸੱਚ ਬੰਦੇ ਦਾ ਸੱਚ ਹੈ
ਜੀਵਨ ਦਾ ਸੱਚ

-0-

ਜੇ ਬੰਦਾ
ਇਸ ਵੱਲ ਝਾਤੀ ਮਾਰੇ
ਆਪਣੀ ਹੋਂਦ ਦਾ ਸੱਚ
ਜੀਵਨ ਰਹਿਤ ਜੀਵਨ 'ਚ ਉਤਾਰੇ
ਤਾਂ ਜੀਵਨ ਰਹਿਤ ਜੀਵਨ ਚੋਂ
ਜੀਵਨ ਪਾ ਸਕਦਾ ਹੈ
ਜੀਵਨ ਰਹਿਤ 'ਚ
ਆਪਣੇ ਜੀਵਨ ਦਾ ਬੀਜਿਆ ਬੀਜ
ਰੁੱਖ ਬਣਿਆ ਨਜ਼ਰੀਂ ਆ ਸਕਦਾ ਹੈ
ਸੂਰਜ ਚੰਨ ਸਿਤਾਰੇ
ਬੰਦਾ ਮਿੱਟੀ ਚੋਂ ਉੱਗਾ ਸਕਦਾ ਹੈ

-0-

ਇਹ ਸਥੂਲ ਪੱਥਰ ਦੇਹਾਂ
ਜਿਸ ਨਜ਼ਰ ਨਾਲ ਵੇਖੋਗੇ
ਉਸੇ ਨਜ਼ਰ ਦਾ ਸੱਚ
ਇਨ੍ਹਾਂ ਦੇਹਾਂ ਵਿਚ ਪਾਓਗੇ
ਇਹ ਹਮੇਸ਼ਾ ਸੱਚ ਬੋਲਦੀਆਂ
ਇਹ ਨਾ ਕਦੀ ਵੀ ਕੁਫ਼ਰ ਤੋਲਦੀਆਂ
ਵੰਡਦੀਆਂ ਇਹ ਪਿਆਰ ਸੁਗਾਤਾਂ
ਕਰਦੀਆਂ ਬੰਦੇ ਦੇ ਦਿਲ ਦੀਆਂ ਬਾਤਾਂ

-0-

ਕਮਰੇ ਦੇ ਵਿਚ ਜਦ ਆਉਂਦੇ ਹੋ
ਬੂਹਾ 'ਜੀ ਆਇਆਂ ਨੂੰ' ਕਹਿੰਦਾ ਹੈ
ਕੰਧਾਂ ਹਾਲ ਚਾਲ ਪੁੱਛਦੀਆਂ
ਛੱਤ ਅੰਬਰ
ਫਰਸ਼ ਧਰਤ ਸਿੰਘਾਸਣ
ਬਣ ਬਹਿੰਦਾ ਹੈ
ਕਮਰੇ ਦਾ ਵਜੂਦ
ਆਓ ਭਗਤ ਵਿਚ ਖੜਾ ਰਹਿੰਦਾ ਹੈ
ਸੁੱਖ ਅਰਾਮ ਸ਼ਾਂਤੀ ਦਾ ਅਰਘਾ
ਬੰਦੇ ਨੂੰ ਚੜ੍ਹਾਉਂਦਾ ਹੈ

-0-

ਚੁੱਲ੍ਹਾ ਚੌਕਾ ਭਾਂਡਾ ਢੀਂਡਰ
ਬੰਦੇ ਦੀ ਭੁੱਖ ਪਿਆਸ ਮਿਟਾਉਂਦਾ ਹੈ

ਇਹ ਤੁਹਾਡਾ ਦਰਪਣ ਹੈ
ਤੁਹਾਡਾ ਸੱਚ ਤੇ ਸੱਚ ਮੇਰਾ ਹੈ
ਚਿਹਰੇ ਦੇ ਵਿਚ ਦਰਪਣ ਹੈ
ਦਰਪਣ ਦੇ ਵਿਚ ਚਿਹਰਾ ਹੈ

-0-

ਬੰਦਾ ਜੋ ਸਥੂਲ ਚੀਜ਼
ਜਾਂ ਪੱਥਰ ਦੀ ਦੇਹ 'ਚ ਉਤਰੇ
ਤਾਂ ਬੰਦੇ ਨੂੰ ਸਥੂਲ ਵਸਤ
ਤੇ ਪੱਥਰ ਦੇ ਜਜ਼ਬੇ ਨਜ਼ਰੀਂ
ਆਉਂਦੇ ਹਨ
ਰੱਬ ਦੀ ਪੱਥਰ ਦੀ ਮੂਰਤੀ
ਜੀਵਨ ਰਹਿਤ ਸਥੂਲ ਹੋਂਦ ਹੈ
ਫਿਰ ਵੀ ਸਾਰੀ ਦੁਨੀਆਂ
ਇਸ ਬੁੱਤ ਅੱਗੇ
ਮਨ ਦੇ ਭੇਦ ਖੋਲ੍ਹਦੀ ਹੈ
ਜੀਵਨ ਮੰਗਦੀ
ਜੀਵਨ ਦਾ ਸੁੱਖ ਮੰਗਦੀ
ਜੋ ਨਜ਼ਰੀਆ ਬੁੱਤ ਲਈ ਰੱਖਦੀ
ਉਸ ਨਜ਼ਰੀਏ ਨਾਲ ਹੀ
ਉਸਨੂੰ ਬੁੱਤ ਵੇਖਦਾ
ਦਾਤਾਂ ਦਿੰਦਾ ਰਹਿਮਤਾਂ ਕਰਦਾ
ਖ਼ਾਲੀ ਝੋਲੀਆਂ ਭਰਦਾ

-0-

ਜੋ ਬੁੱਤ ਨੂੰ ਜਿਉਂਦਾ ਸਮਝਣ
ਤਾਂ ਬੁੱਤ ਜਿਉਂਦਾ ਹੈ
ਜੋ ਨਜ਼ਰੀਆ
ਬੁੱਤ ਨੂੰ ਜੀਵਨ ਰਹਿਤ ਸਮਝਦਾ
ਤਾਂ ਬੁੱਤ ਪੱਥਰ ਦਾ ਪੱਥਰ ਹੈ
ਸਥੂਲ ਵਸਤ ਦਾ ਸਥੂਲ ਹੋਣਾ
ਜਾਂ ਪੱਥਰ ਦਾ ਪੱਥਰ ਹੋਣਾ
ਕੋਈ ਮਹੱਤਵਪੂਰਨ ਬਾਤ ਨਹੀਂ ਹੈ
ਮੋਇਆ ਵੀ ਹੈ ਜਿਉਂਦਾ ਹੋਇਆ
ਜਿਉਂਦਾ ਵੀ ਹੈ ਮੋਇਆ ਹੋਇਆ
ਬੰਦੇ ਦੇ ਅੰਦਰ ਜੇ ਵਿਸ਼ਵਾਸ ਨਹੀਂ ਹੈ
ਬੰਦੇ ਦੇ ਵਿਸ਼ਵਾਸ ਤੇ ਪੱਥਰ ਜਿਉਂਦਾ ਹੈ
ਰਹਿਮਤਾਂ ਨਿਹਮਤਾਂ ਕਰਦਾ ਹੈ
ਬੰਦੇ ਦੇ ਵਿਸ਼ਵਾਸ ਤੇ ਪੱਥਰ ਤਰਦਾ ਹੈ
ਬੰਦੇ ਦਾ ਵਿਸ਼ਵਾਸ ਹੈ
ਜੋ ਪੱਥਰ ਜਿਉਂਦਾ ਕਰਦਾ ਹੈ

-0-

ਇਹ ਸੱਚ
ਸਿਰਫ਼ ਰੱਬੀ ਬੁੱਤ ਦਾ ਹੀ ਨਹੀਂ
ਕਿਸੇ ਵੀ ਬੁੱਤ ਦਾ ਹੋ ਸਕਦਾ ਹੈ

ਜਿਸਦੀ ਸੁੰਦਰਤਾ ਦੇ ਅੱਗੇ
ਤਾਜ਼ ਤਖ਼ਤ ਤਲਵਾਰ ਵੀ
ਅਰਪਣ ਹੋ ਸਕਦੀ ਹੈ
ਜੀਵਨ ਰਹਿਤ ਬੁੱਤ ਦੀ ਸੁੰਦਰਤਾ ਅੱਗੇ
ਬੰਦਾ ਆਪਣਾ
ਸਭ ਕੁੱਝ ਹੀ ਖੋਹ ਬਹਿੰਦਾ ਹੈ
ਆਪਾ ਭੁੱਲ ਕੇ ਸਿਰਫ਼ ਬੁੱਤ ਦਾ
ਹੋ ਬਹਿੰਦਾ ਹੈ
ਸਥੂਲ ਵਸਤੂਆਂ ਪੱਥਰ ਦੇਹਾਂ
ਸਭ ਬੰਦੇ ਦਾ ਆਪਣਾ ਦਰਪਣ ਹਨ
ਬੰਦੇ ਦੇ ਹਾਵ-ਭਾਵ ਤੇ ਜਜ਼ਬੇ
ਬੁੱਤ ਆਪਣੇ ਵਿਚ ਬੀਜ ਨਹੀਂ ਸਕਦਾ
ਇਹ ਬੀਜ ਬੰਦਾ ਹੈ ਬੀਜਦਾ
ਬੁੱਤ ਤਾਂ ਸਿਰਫ਼ ਉੱਗਾ ਸਕਦਾ
ਆਪਣਾ ਚਿਹਰਾ ਆਪਣਾ ਆਪਾ
ਬੰਦੇ ਨੂੰ ਬੁੱਤ ਚੋਂ ਨਜ਼ਰੀਂ ਆ ਸਕਦਾ ਹੈ
ਚਿਹਰੇ ਵਿਚ ਹੀ
ਦਰਪਣ ਦਾ ਰਹਿਣ ਵਸੇਰਾ ਹੈ
ਦਰਪਣ ਵਿਚ ਹੀ
ਚਿਹਰੇ ਦੇ ਸੱਚ ਦਾ ਡੇਰਾ ਹੈ

-0-

ਆਪਣੀ ਸੋਚ ਤੇ ਨਜ਼ਰੀਆ
ਸਥੂਲ ਵਸਤੂਆਂ ਨੂੰ ਸਮਝਣ ਲਈ

ਉਨ੍ਹਾਂ ਦੇ ਵਿਚ ਧਰਨਾ ਪਏਗਾ
ਸਥੂਲ ਵਸਤੂਆਂ ਨੂੰ ਵੀ
ਜਿਉਂਦੀਆਂ ਮੰਨਣਾ ਪਏਗਾ
ਇਸ ਨਜ਼ਰੀਏ ਦਾ ਪ੍ਰਤੀਕਰਮ
ਮਨੁੱਖ ਨੂੰ ਉੱਚਾ ਕਰ ਸਕਦਾ ਹੈ
ਦੱਬੇ ਕੁਚਲੇ ਮੁਰਦਾ ਬੰਦਿਆਂ ਵਿਚ
ਜੀਵਨ ਧਰ ਸਕਦਾ ਹੈ

–0–

ਕਮਰੇ ਦੇ ਵਿਚ
ਅਸਾਂ ਤਿੰਨਾਂ ਨੇ
ਆਪਣੇ ਆਪਣੇ ਨਜ਼ਰੀਏ ਦੇ
ਅੰਕੁਰ ਬੀਜੇ ਪਾਣੀ ਲਾਇਆ
ਤੇ ਕਮਰੇ ਚੋਂ
ਸਾਡੀ ਤਿੰਨਾਂ ਦੀ ਮਰਜ਼ੀ ਦਾ
ਰੁੱਖ ਉੱਗ ਆਇਆ

–0–

ਕਮਰੇ ਦੇ ਫਰਸ਼ ਚੋਂ ਜਨਮੇਂ ਪੈਰ
ਛੱਤ ਚੋਂ ਜਨਮੀਆਂ ਅੱਖਾਂ
ਕੰਧਾਂ ਗੱਲਾਂ ਕਰਨ ਲੱਗੀਆਂ
ਇਕ ਇਕ ਇੱਟ ਚੋਂ
ਦਿੱਸਣ ਲੱਖਾਂ ਚਿਹਰੇ
ਚਿਹਰਿਆਂ ਚੋਂ ਮੁਸਾਫਿਰ ਜਨਮੇਂ
ਜੋ ਸਨ ਸੱਚ ਤੇ ਕੀਮਤਾਂ ਕਦਰਾਂ

ਮਨੁੱਖ ਪਗਡੰਡੀ ਤੇ ਮੰਜ਼ਿਲ ਦੀਆਂ
ਹੋਈਆਂ ਪੂਰੀਆਂ ਸੱਧਰਾਂ

-0-

ਪਗਡੰਡੀ ਰਾਹ ਵਿਚ ਢਲ ਗਈ
ਮਨੁੱਖ ਮੁਸਾਫਿਰ ਹੋਇਆ
ਪਗਡੰਡੀ ਤੇ ਤੁਰਦਾ ਤੁਰਦਾ
ਮੰਜ਼ਿਲ ਦਰ ਆਣ ਖਲੋਇਆ
ਮੰਜ਼ਿਲ ਦੇ ਵਿਚ ਜੀਵਨ ਧਰਿਆ
ਬੀਜਿਆ ਸੂਰਜ ਵਿਹੜੇ
ਮੈਂ ਪਗਡੰਡੀ ਤੇ ਮੰਜ਼ਿਲ ਦੀ
ਇਕ ਇਕਾਈ ਹੋਈ
ਮੇਰੀ ਹੋਂਦ ਪਗਡੰਡੀ ਵਿਚ
ਪਗਡੰਡੀ ਦੀ ਮੰਜ਼ਿਲ ਵਿਚ
ਮੰਜ਼ਿਲ ਮੇਰੀ ਹੋਂਦ 'ਚ ਗਈ ਪਰੋਈ
ਜੀਵਨ ਤੁਰਿਆ
ਸੂਰਜ ਚੜ੍ਹਿਆ
ਹਰ ਥਾਂ ਚਾਨਣ ਹੋਇਆ
ਮੰਜ਼ਿਲ ਪਗਡੰਡੀ ਤੇ ਮੇਰੇ ਵਿਚ
ਇਕ ਰੁੱਖ ਉੱਗ ਖਲੋਇਆ
ਛਾਂ ਵੀ ਸਾਂਝੀ ਫੱਲ ਵੀ ਸਾਂਝੇ
ਬੀਜ ਵੀ ਸਾਂਝੇ ਹੋਏ
ਮੈਂ ਪਗਡੰਡੀ ਤੇ ਮੰਜ਼ਿਲ
ਇਕੋ ਨੂਰ ਪਰੋਏ

------

## ਕਮਰਾ

ਕਮਰੇ ਦੀਆਂ ਕੰਧਾਂ
ਬੋਲ ਤੇ ਚਿਹਰੇ
ਕਮਰੇ ਦੀ ਛੱਤ ਅੱਖਾਂ
ਕਮਰੇ ਦਾ ਫ਼ਰਸ਼ ਪੈਰ ਤੇ ਰਾਹੀ
ਕਮਰੇ ਦੇ ਅਕਾਰ ਵਿਸਥਾਰ ਦਾ
ਕੋਈ ਹੱਦ ਨਾ ਬੰਨਾਂ
ਕਮਰਾ ਦੁਨੀਆਂ ਦੇ
ਹਰ ਦੇਸ਼ ਸ਼ਹਿਰ ਪਿੰਡ ਵਿਚ
ਪਾਇਆ ਜਾਂਦਾ
ਕਮਰਾ ਕਈ ਵਾਰੀ ਬੰਦੇ ਲਈ
ਵਿਸ਼ਵ ਘਰ ਹੋ ਜਾਂਦਾ

-0-

ਕਮਰਾ ਕਮਰੇ ਤਕ ਤੁਰਦਾ
ਕਮਰੇ ਤੋਂ ਕਮਰੇ ਤਕ ਦਾ ਸਫ਼ਰ
ਮੁਕਾਉਂਦਾ
ਕਮਰਾ ਮਾਂ ਦੀ ਗੋਦ ਹੈ
ਤੇ ਜੀਵਨ ਦਾ ਸੋਮਾ
ਜਿਸ ਵਿਚ
ਰਾਹਾਂ ਪੈਰਾਂ ਮੁਸਾਫਿਰਾਂ
ਮੰਜ਼ਿਲਾਂ ਦਾ ਹੈ ਵਸੇਰਾ
ਮੌਸਮਾਂ ਬਹਾਰਾਂ ਰੁੱਤਾਂ ਦਾ ਹੈ
ਜਿਸਦੀ ਦੇਹ ਵਿਚ ਡੇਰਾ

-0-

ਇਸ ਦੀ ਛੱਤ ਤੋਂ
ਸੂਰਜ ਚੰਨ ਸਿਤਾਰੇ ਝਾਕਣ
ਇਸਦੇ ਬੂਹੇ ਬਾਰੀਆਂ ਚੋਂ
ਦਿਨ ਤੇ ਚੜ੍ਹੇ ਸਵੇਰੇ ਝਾਕਣ
ਇਹਨਾਂ ਇੱਟਾਂ
ਇਹਨਾਂ ਪੱਥਰ
ਇਹਨਾਂ ਸੀਮਿੰਟ ਸਰੀਆ
ਵੇਖਣ ਵਾਲੀ ਅੱਖ ਨੂੰ
ਇਸ ਚੋਂ ਦਿੱਸਦਾ
ਦਰਿਆ ਜੀਵਨ ਦਾ ਵਗਦਾ

-0-

ਇਹ ਜੀਵਨ ਹੈ ਸਾਹ ਲੈਂਦਾ ਹੈ
ਜਿਉਂਦਾ ਜਾਗਦਾ ਤੁਰਦਾ ਫਿਰਦਾ
ਬੋਲਦਾ ਸੁਣਦਾ ਤੇ ਕਹਿੰਦਾ ਹੈ
ਪਗਡੰਡੀ ਲਈ
ਰਾਹ ਪੈਰ ਮੰਜ਼ਿਲ ਹੈ
ਮੰਜ਼ਿਲ ਲਈ ਨਿਰੀ ਮੰਜ਼ਿਲ ਨਹੀਂ
ਮਨੁੱਖੀ ਰਹਿਣ ਵਸੇਰਾ ਹੈ
ਮੇਰਾ ਖ਼ਾਲੀਪਣ ਭਰਨ ਲਈ
ਮਹਿਬੂਬ ਦਾ ਚਿਹਰਾ ਹੈ

-0-

ਮੈਂ ਪਗਡੰਡੀ ਤੇ ਮੰਜ਼ਿਲ
ਕਮਰੇ ਦੇ ਦਿਲ ਦਾ ਹਾਂ ਵਸੇਰਾ
ਕਮਰਾ ਸਾਡੇ ਲਹੂ ਦੀ ਗਤੀ ਹੈ
ਸਾਡੇ ਸਚ ਦਾ ਹੈ ਯਥਾਰਥ
ਸਾਡੀ ਰੂਹ ਦਾ ਹੈ ਪਦਾਰਥ

-----



ਕਮਰੇ ਦੇ ਵਿਚ
ਮੇਰੇ ਨਾਲ ਰਹਿੰਦੀ ਹੈ
ਇਕ ਪਗ-ਡੰਡੀ
ਇਕ ਮੰਜ਼ਿਲ
ਪਗ-ਡੰਡੀ
ਜਿਸ ਤੇ ਕੋਈ ਤੁਰਿਆ ਨਹੀਂ
ਮੰਜ਼ਿਲ
ਜਿਸ ਤੇ ਕੋਈ ਅੱਪੜਿਆ ਨਹੀਂ
ਮੈਂ
ਜਿਸ 'ਚ ਕੋਈ ਉਤਰਿਆ ਨਹੀਂ

ਚਰਨ ਸਿੰਘ